੧ਓ

ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

1920 ਤੋਂ

ਜਿਲਦ 101
ਨੰਬਰ 17

੩੧ ਅੱਸੂ ਤੋਂ ੧੫ ਕੱਤਕ ੨੦੭੮ ਬਿ.
16 to 31 Oct 2021

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਿਜੁਗ



10/-

26 ਸਤੰਬਰ 2021 ਨੂੰ ਲੁਧਿਆਣਾ ਦੇ ਗੁਰੂ ਨਾਨਕ ਸਟੇਡੀਅਮ ਵਿਖੇ
ਸਤਿਗੁਰੂ ਪ੍ਰਤਾਪ ਸਿੰਘ ਹਸਪਤਾਲ ਵੱਲੋਂ ਕਰਵਾਈ ਗਈ ਦੌੜ ਦੀਆਂ ਝਲਕੀਆਂ











# ਸਤਿਜੁਗ

੩੧ ਅੱਸੂ ਤੋਂ ੧੫ ਕੱਤਕ ੨੦੭੮ ਬਿ.
16 ਤੋਂ 31 ਅਕਤੂਬਰ 2021 ਈ.
ਜਿਲਦ 101, ਨੰਬਰ 17

**ਸਲਾਹਕਾਰ ਮੈਂਬਰ**

ਹਰਵਿੰਦਰ ਸਿੰਘ ਹੰਸਪਾਲ
ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ
ਗੁਰਭੇਜ ਸਿੰਘ ਗੁਰਾਇਆ

**ਸੰਪਾਦਕ**

**ਜਸਵੰਤ ਸਿੰਘ ਮਸਤ**
**ਗੁਰਲਾਲ ਸਿੰਘ**
**ਭਜਨ ਸਿੰਘ**

*Printed and Published by*
*Mr. Harvendr Singh Hanspal*
*on behalf of Namdhari Darbar.*
*Printed at Summi advertising press,*
*2DLF (Part), Moti Nagar, New Delhi*
*and Published from Namdhari Gurdwara,*
*Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93
LDM/008/2021-2023

***Designed and Typeset:***

ਹਾਕਮ ਸਿੰਘ, ਯੁਵਰਾਜ ਸਿੰਘ
ਤਰਨ ਬੱਲ

**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 98550-58178
89267-83000, 98155-75099
***Email- Satjug@sribhainisahib.com***

## ਤਤਕਰਾ

* ਸੰਪਾਦਕੀ- ਕਿਰਤਿ ਵਿਰਤਿ ਕਰਿ ਧਰਮ ਦੀ
ਭਜਨ ਸਿੰਘ ........................................4

* ਗੁਰਬਾਣੀ ਵਿਆਖਿਆ........................................6

* ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ..........................9

* ਪੂਰੀ ਹੋਈ ਕਰਾਮਾਤਿ
ਪ੍ਰਿੰ. ਸਤਿਬੀਰ ਸਿੰਘ.................................11

* ਪੂਰਨੁ ਸੋਈ ਸੰਤੁ
ਦਤਾਰ ਸਿੰਘ.......................................15

* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
ਸਵ. ਪ੍ਰੀਤਮ ਸਿੰਘ ਕਵੀ............................18

* Zorawar Singh's Conquest of Baltistan
C.L. Datta.........................................20

* Relevance of Gursikhi in the Muddled Word
Davinder Singh Baliharjawan.......................25

* A Saga of Sri Satguru Jagjit Singh ji
Dr. Sharada Jayagovind .........................28

* ਖ਼ਬਰਨਾਮਾ.................................................30

ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ ॥
ਸਤਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰ ੧੯੭੭ ਬਿ. (1920 ਈ:) ਤੋਂ ਸਥਾਪਿਤ

ਸੰਪਾਦਕੀ

# ਕਿਰਤਿ ਵਿਰਤਿ ਕਰਿ ਧਰਮ ਦੀ

ਮਨੁੱਖੀ ਜੀਵਨ ਦਾ ਅਹਿਮ ਅੰਗ ਕਿਰਤ ਕਰਨਾ ਹੈ, ਇਸ ਲਈ ਜੀਵਨ ਦਾ ਬਹੁਤਾ ਹਿੱਸਾ ਕਿਰਤ ਕਰਦਿਆਂ ਹੀ ਗੁਜ਼ਰਦਾ ਹੈ। ਜੀਵਨ ਦਾ ਬਹੁਤਾ ਭਾਗ ਕੰਮ ਤੇ ਆਰਾਮ ਦੇ ਦੋ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਆਰਾਮ ਤੋਂ ਵਿਹਲੇ ਸਮੇਂ ਮਨੁੱਖ ਕੋਈ ਨਾ ਕੋਈ ਕੰਮ ਹੀ ਕਰ ਰਿਹਾ ਹੁੰਦਾ ਹੈ, ਕੇਵਲ ਗੂੜ੍ਹੀ ਨੀਂਦ ਦੌਰਾਨ ਹੀ ਉਹ ਬੇਹਰਕਤ ਹੁੰਦਾ ਹੈ। ਜੇ ਧਿਆਨ ਨਾਲ ਦੇਖੀਏ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਕੰਮ ਕਰਨਾ ਹੀ ਜ਼ਿੰਦਗੀ ਹੈ ਅਰਥਾਤ ਗਤੀਸ਼ੀਲ ਰਹਿਣਾ ਹੀ ਜੀਵਨ ਦਾ ਚਿੰਨ੍ਹ ਹੈ। ਮਨੁੱਖੀ ਜੀਵਨ ਦੀ ਗਤੀਸ਼ੀਲਤਾ ਕੰਮਾਂ-ਕਾਰਾਂ ਨਾਲ ਓਤ-ਪੋਤ ਹੈ।

ਕਿਰਤ ਜੀਵਨ ਦੀ ਲੋੜ ਹੈ। ਕਰਮ ਬਿਨਾਂ ਮਨੁੱਖ ਆਪਣੀ ਗਤੀਸ਼ੀਲਤਾ ਰੋਕ ਲੈਂਦਾ ਹੈ। ਵਿਹਲਾ ਮਨੁੱਖ ਨਿਕੰਮਾ ਹੋ ਜਾਂਦਾ ਹੈ, ਉਸ ਦੀ ਆਤਮਾ ਤੇ ਬੁੱਧੀ ਵੀ ਭੱਦੀ ਤੇ ਭ੍ਰਿਸ਼ਟ ਹੋ ਜਾਂਦੀ ਹੈ। ਕਿਰਤ ਦਾ ਜਿਥੇ ਆਰਥਿਕ ਲਾਭ ਹੈ, ਇਹ ਮਨੁੱਖ ਦੇ ਸੁੱਖ ਸੰਪਤੀ ਵਿੱਚ ਵਾਧਾ ਕਰਦੀ ਹੈ, ਉੱਥੇ ਇਸਦਾ ਆਤਮਿਕ ਲਾਭ ਵੀ ਹੈ, ਇਹ ਮਨ ਨੂੰ ਵਿਅਰਥ, ਚੰਚਲ ਦੌੜਾਂ ਤੇ ਵਿਕਾਰਾਂ ਵੱਲੋਂ ਰੋਕਦੀ ਹੈ।

ਕਿਰਤ ਨੂੰ ਸਾਰੇ ਧਰਮਾਂ ਨੇ ਸਲਾਹਿਆ ਹੈ ਅਤੇ ਉਹ ਹੱਕ-ਹਲਾਲ ਦੀ ਕਮਾਈ ਕਰਨ ਦੀ ਪ੍ਰੇਰਨਾ ਦਿੰਦੇ ਹਨ। ਹਿੰਦੂ ਧਰਮ ਸ਼ਾਸਤਰ ਕਹਿੰਦੇ ਹਨ ਕਿ ਨੇਕ ਕਮਾਈ ਨਾਲ ਮਨ ਨਿਰਮਲ ਰਹਿੰਦਾ ਹੈ ਤੇ ਭੈੜੀ ਕਿਰਤ ਕਰਨ ਨਾਲ ਮਨ ਵਿੱਚ ਵਿਕਾਰ ਉਤਪੰਨ ਹੁੰਦੇ ਹਨ। 'ਅੰਜਲੀ' ਦੇ ਉਪਦੇਸ਼ 'ਤੇ ਅਧਾਰਤ ਅੰਗਰੇਜ਼ੀ ਦਾ ਇਕ ਅਖਾਣ ਹੈ Work is Worship ਭਾਵ 'ਕਿਰਤ ਹੀ ਪੂਜਾ' ਹੈ। ਇਸੇ ਤਰ੍ਹਾਂ ਕੁਰਾਨ ਸ਼ਰੀਫ ਵਿੱਚ ਲਿਖਿਆ ਹੈ, "ਰਿਜ਼ਕਿ-ਹਲਾਲ ਐਨ ਇਬਾਦਤ ਅਸਤ" ਭਾਵ ਹੱਕ ਹਲਾਲ ਦੀ ਕਮਾਈ ਪੂਜਾ-ਪਾਠ ਕਰਨ ਵਾਂਗ ਹੈ। ਸਿੱਖ ਧਰਮ ਦੇ ਮੁੱਢਲੇ ਤਿੰਨ ਅਸੂਲਾਂ ਵਿਚ ਜਿਥੇ ਗੁਰੂ ਨਾਨਕ ਸਾਹਿਬ ਨੇ ਨਾਮ ਜਪਣ ਤੇ ਵੰਡ ਛਕਣ ਨੂੰ ਦ੍ਰਿੜ੍ਹ ਕਰਵਾਇਆ, ਉਥੇ ਤੀਜਾ ਅਸੂਲ ਉਨ੍ਹਾਂ ਕਿਰਤ ਕਰਨਾ ਦੱਸਿਆ।

ਉਨ੍ਹਾਂ ਕਿਰਤ ਤੋਂ ਭਾਵ ਕੇਵਲ ਕੰਮ ਕਰਨਾ ਨਹੀਂ ਸਗੋਂ ਸੁਕਿਰਤ ਭਾਵ ਨੇਕ ਕਮਾਈ ਕਰਨ ਨੂੰ ਆਖਿਆ। ਆਪਣੀ ਉਪਜੀਵਕਾ ਇਸ ਢੰਗ ਨਾਲ ਕਮਾਈ ਜਾਵੇ ਜਿਸ ਵਿੱਚ ਝੂਠ, ਠੱਗੀ, ਮਿਲਾਵਟ ਤੇ ਧੋਖਾ ਆਦਿ ਨਾ ਹੋਵੇ ਸਗੋਂ ਸੁੱਚੀ ਕਿਰਤ ਕੀਤੀ ਜਾਵੇ।

ਇਤਿਹਾਸ ਵਿੱਚ ਜ਼ਿਕਰ ਆਉਂਦਾ ਹੈ ਕਿ ਭਾਈ ਨੰਦ ਲਾਲ ਜੀ ਨੇ ਸਿੱਖ ਦੀ ਰਹਿਣੀ-ਬਹਿਣੀ ਬਾਰੇ ਪ੍ਰਸ਼ਨ ਕਰਕੇ ਗੁਰੂ ਗੋਬਿੰਦ ਸਿੰਘ ਜੀ ਤੋਂ ਉਨ੍ਹਾਂ ਬਾਰੇ ਵਿਆਖਿਆ ਪੁੱਛੀ ਤਾਂ ਗੁਰੂ ਜੀ ਨੇ ਕਿਹਾ-

ਦਸ ਨਖ ਕਰਿ ਜੋ ਕਾਰਿ ਕਮਾਵੈ ॥
ਤਾ ਕਰ ਜੋ ਧਨ ਘਰ ਮਹਿ ਆਵੈ ॥
ਤਿਸ ਤੇ ਗੁਰ ਦਸੌਧ ਜੋ ਦੇਈ ॥
ਸਿੰਘ ਸੁਜਸ ਬਹੁ ਜਗ ਮਹਿ ਲੇਈ ॥

ਗੁਰਮਤਿ ਕਿਰਤ ਕਰਕੇ ਉਸਨੂੰ ਵੰਡ ਕੇ ਖਾਣ ਦਾ ਉਪਦੇਸ਼ ਦੇਂਦੀ ਹੈ ਤੇ ਵੰਡ ਕੇ ਖਾਣ ਵਾਲੇ ਨੂੰ ਹੀ ਜੀਵਨ ਦੇ ਸਾਰ-ਤੱਤ ਦੀ ਸਮਝ ਪੈ ਸਕਦੀ ਹੈ-

ਘਾਲ ਖਾਇ ਕਿਛੁ ਹਥਹੁ ਦੇਇ॥
ਨਾਨਕ ਰਾਹੁ ਪਛਾਣਹਿ ਸੇਇ॥

ਭਾਈ ਗੁਰਦਾਸ ਜੀ ਆਪਣੀਆਂ ਵਾਰਾਂ ਵਿੱਚ ਇਕ ਗੁਰਸਿੱਖ ਦੇ ਲੱਛਣ ਦੱਸਦਿਆਂ ਲਿਖਦੇ ਹਨ-

ਮਿਠਾ ਬੋਲਣਾ ਨਿਵਿ ਚਲਣਾ ਗੁਰਸਿਖੁ ਪਰਵਾਣਾ॥
ਘਾਲਿ ਖਾਇ ਗੁਰਸਿਖ ਮਿਲਿ ਖਾਣਾ॥

ਭਾਈ ਗੁਰਦਾਸ ਜੀ ਇਕ ਹੋਰ ਵਾਰ ਦੀ ਪਾਉੜੀ ਵਿਚ ਇਕ ਗੁਰਸਿੱਖ ਦੀ ਰਹਿਣੀ-ਬਹਿਣੀ, ਨਿੱਤ-ਕਿਰਿਆ ਬਾਬਤ ਲਿਖਦਿਆਂ, ਕਿਰਤ ਕਰਦਿਆਂ ਵੰਡ ਕੇ ਖਾਣ ਦੀ ਪ੍ਰੋੜ੍ਹਤਾ ਇੰਜ ਕਰਦੇ ਹਨ-

ਕਿਰਤ ਵਿਰਤ ਕਰਿ ਧਰਮ ਦੀ ਲੈ ਪਰਸਾਦਿ ਆਣਿ ਵਰਤੰਦਾ।
ਗੁਰਸਿਖਾਂ ਨੋ ਦੇਇ ਕਰਿ ਪਿਛੋ ਬਚਿਆ ਆਪ ਖਾਵੰਦਾ।

ਗੁਰਮਤਿ ਅਨੁਸਾਰ ਸੁੱਚੀ ਕਿਰਤ ਅਧਿਆਤਮਕ ਵਰਤਾਰਾ ਹੈ ਤੇ ਰੱਬਤਾ ਦਾ ਮਾਨਵੀ ਚਮਤਕਾਰ। ਹਰ ਮਨੁੱਖ, ਦੂਜੇ ਦਾ ਭਰਾ ਹੈ ਤੇ ਸਾਰੇ ਇੱਕ ਪਰਮੇਸ਼ਰ ਦੇ ਬਾਲਕ ਹਨ। ਇੰਜ ਸਾਰਾ ਵਿਸ਼ਵ ਇਕ ਪਰਿਵਾਰ ਹੈ। ਇਸ ਪਰਿਵਾਰ ਵਿੱਚ ਸਾਰੇ ਜੀਵ-ਜੰਤੂ ਵੀ ਆ ਜਾਂਦੇ ਹਨ। ਗੁਰਮਤਿ ਸਾਰੇ ਭਾਈਆਂ ਨੂੰ ਕਿਸੇ ਦਾ ਹੱਕ ਖੋਹੇ ਬਿਨਾਂ ਆਪਣੀ ਕਿਰਤ ਕਰਦਿਆਂ, ਉਸ ਵਿੱਚੋਂ ਵੀ ਵੰਡ ਕੇ ਖਾਣ ਬਾਰੇ ਉਪਦੇਸ਼ ਦੇਂਦੀ ਹੈ।

ਸੁੱਚੀ ਕਿਰਤ ਨੇਕ ਨੀਅਤ ਨਾਲ ਕੀਤੀ ਜਾਂਦੀ ਹੈ, ਉਸ ਵਿੱਚ ਮਨੁੱਖ ਦੀ ਚੰਗੀ ਕਾਰਜ ਵਿਉਂਤ ਅਹਿਮ ਭੂਮਿਕਾ ਨਿਭਾਉਂਦੀ ਹੈ, ਜੋ ਉਹ ਲਗਨ, ਮਿਹਨਤ ਨਾਲ ਕਰਦਾ ਹੈ। ਐਸੀ ਕਿਰਤ ਕਲਾਤਮਕ ਹੋ ਨਿਬੜਦੀ ਹੈ। ਸੁੱਚੀ ਕਿਰਤ ਦਾ ਬ੍ਰਿਛ ਸਮਾਜਿਕ ਵਾਤਾਵਰਣ ਵਿੱਚ ਪੱਲਰ ਕੇ ਰਾਹੀਆਂ ਨੂੰ ਛਾਂ ਵੀ ਦੇਂਦਾ ਹੈ ਤੇ ਸਵਾਦਿਸ਼ਟ ਫਲ ਵੀ। ਸੁੱਚੀ ਕਿਰਤ ਦਾ ਮੂਲ ਤੱਥ ਹੈ, ਮਨੁੱਖ ਵਿਚਲੀ ਯੋਗਤਾ ਦਾ ਵਿਕਾਸ ਕਰਨਾ। ਮਨੁੱਖ ਨੂੰ ਉਹੀ ਕਿਰਤ ਕਰਨੀ ਲੋੜੀਂਦੀ ਹੈ, ਜਿਸ ਲਈ ਕੁਦਰਤ ਨੇ ਉਸ ਨੂੰ ਯੋਗ ਬਣਾਇਆ ਹੈ। ਉਹ ਕਿਰਤ ਕਰਦਿਆਂ ਹੀ ਉਸਨੂੰ ਮਨੁੱਖੀ ਸਮਾਜ ਦੀ ਗਤੀਸ਼ੀਲਤਾ ਵਿੱਚ ਹਿੱਸਾ ਪਾਉਣਾ ਚਾਹੀਦਾ ਹੈ। ਇਹ ਉਸ ਦਾ ਪਰਮ ਧਰਮ ਹੁੰਦਾ ਹੈ। ਕਿਰਤ ਗਲਤ ਸਾਧਨਾਂ ਤੇ ਅਯੋਗ ਕਿਰਤਾਂ ਕਰਨ ਨਾਲ ਅਪਵਿੱਤਰ ਵੀ ਹੋ ਜਾਂਦੀ ਹੈ। ਇਸ ਲਈ ਕਿਰਤ ਕਰਦਿਆਂ ਪਰਉਪਕਾਰ ਦੀ ਭਾਵਨਾ ਰੱਖਦਿਆਂ ਕੀਤੀ ਕਮਾਈ, ਸਾਰਥਕ ਹੁੰਦੀ ਹੈ।

ਅਜੋਕੇ ਯੁੱਗ ਵਿਚ ਅਰਥ ਸ਼ਾਸਤਰੀਆਂ ਨੇ ਕਿਰਤ ਦੇ ਉਪਜਾਊ ਤੇ ਅਣ ਉਪਜਾਊ ਹੋਣ ਦੇ ਵਿਚਾਰਾਂ ਦੀ ਬਾਤ ਪਾਈ ਹੈ। ਉਪਜਾਊ ਕਿਰਤ ਸਮੁੱਚੇ ਸਮਾਜ ਤੇ ਦੇਸ਼ ਦੇ ਆਰਥਿਕ ਢਾਂਚੇ ਲਈ ਉਪਯੋਗੀ ਸਿੱਧ ਹੁੰਦੀ ਹੈ ਪਰ ਅਣਉਪਜਾਊ ਕਿਰਤ ਸਮਾਜ ਲਈ ਹਾਨੀਕਾਰਕ। ਸੁੱਚੀ ਕਿਰਤ ਦੇ ਉਪਜਾਊ ਹੋਣ ਬਾਰੇ ਤਾਂ ਕੋਈ ਸੰਦੇਹ ਨਹੀਂ ਹੋ ਸਕਦਾ, ਇਹ ਸਦਾ ਉਪਜਾਊ ਹੀ ਹੈ। ਸਗੋਂ ਇਸ ਵਿੱਚ ਸੱਚੀ ਲਗਨ ਤੇ ਮਾਨਵੀ ਸੱਧਰਾਂ ਕੇਂਦਰਿਤ ਹੁੰਦੀਆਂ ਹਨ। ਰਸੂਲ ਹਮਜ਼ਾਤੋਵ ਆਪਣੀ ਪੁਸਤਕ 'ਮੇਰਾ ਦਾਗਿਸਤਾਨ' ਵਿੱਚ ਇੱਕ ਕਹਾਣੀ ਦਾ ਜ਼ਿਕਰ ਕਰਦਾ ਹੈ ਕਿ ਇਕ ਘੁਮਿਆਰ ਨੇ ਭਾਂਡੇ ਬਣਾਏ। ਖ਼ਰੀਦਦਾਰ ਨੇ ਵਧੇਰੇ ਕੀਮਤ ਦੇ ਕੇ ਖ਼ਰੀਦ ਲਏ। ਖਰੀਦਦਾਰ ਥੋੜ੍ਹੀ ਦੂਰ ਜਾ ਕੇ ਘੁਮਿਆਰ ਦੇ ਸਾਹਮਣੇ ਹੀ ਉਨ੍ਹਾਂ ਭਾਂਡਿਆਂ ਨੂੰ ਤੋੜਨ ਲੱਗ ਪਿਆ। ਘੁਮਿਆਰ ਦੌੜ ਕੇ ਗਿਆ ਤੇ ਉਸਨੂੰ ਕਹਿਣ ਲੱਗਾ- "ਇਹ ਭਾਂਡੇ ਨਾ ਤੋੜ।" ਉਸਨੇ ਜੁਆਬ ਦਿੱਤਾ- "ਮੈਂ ਪੈਸੇ ਦੇ ਕੇ ਖ਼ਰੀਦੇ ਹਨ ਹੁਣ ਇਨ੍ਹਾਂ 'ਤੇ ਮੇਰੀ ਮਲਕੀਅਤ ਹੈ।" ਘੁਮਿਆਰ ਨੇ ਕਿਹਾ- "ਆਹ ਆਪਣੇ ਪੈਸੇ ਫੜ ਤੇ ਮੇਰੇ ਭਾਂਡੇ ਵਾਪਸ ਕਰ।"

ਰਸੂਲ ਹਮਜ਼ਾਤੋਵ ਇਸ਼ਾਰਾ ਕਰਦਾ ਹੈ ਕਿ ਇਕ ਸੁੱਚੀ ਕਿਰਤ ਕਰਨ ਵਾਲੇ ਘੁਮਿਆਰ ਨੂੰ ਵਧੇਰੇ ਪੈਸੇ ਨਹੀਂ ਚਾਹੀਦੇ, ਸਗੋਂ ਉਸ ਦੀ ਭਾਵਨਾ ਹੈ ਕਿ ਇਹ ਭਾਂਡੇ ਸੁਯੋਗ ਹੱਥਾਂ ਵਿੱਚ ਜਾਣ, ਸਹੀ ਵਰਤੋਂ ਵਿੱਚ ਲਿਆਂਦੇ ਜਾਣ ਤਾਂ ਹੀ ਉਸਦੀ ਮਿਹਨਤ ਦਾ ਅਸਲੀ ਮੁੱਲ ਪਵੇਗਾ। ਇਕ ਸੁੱਚੇ ਕਿਰਤੀ ਦੀ ਬੇਲੋੜੇ ਧਨ ਨੂੰ ਇਕੱਠਾ ਕਰਨ ਦੀ ਆਸ਼ਾ ਨਹੀਂ ਹੁੰਦੀ ਤੇ ਨਾ ਹੀ ਅਣਮੁਕਾਈ ਦੌਲਤ ਉਸ ਨੂੰ ਸੰਤੁਸ਼ਟ ਕਰ ਸਕਦੀ ਹੈ। ਸੁੱਚੇ ਕਿਰਤੀ ਦੀ ਕਿਰਤ ਵਿੱਚ ਸਵੱਛਤਾ, ਸੇਵਾ, ਪਰਉਪਕਾਰ, ਖ਼ੂਬਸੂਰਤੀ, ਕਲਾਤਮਕਤਾ ਪ੍ਰਗਤੀਸ਼ੀਲਤਾ ਤੇ ਆਦਰਸ਼ ਸਮਾਜ ਦਾ ਨਿਰਮਾਣ ਸ਼ਾਮਿਲ ਹੁੰਦਾ ਹੈ। ਹਰ ਸੁੱਚੀ ਕਿਰਤ ਕਲਾ ਦੀ ਉੱਚਤਾ ਤੱਕ ਪਹੁੰਚ ਜਾਂਦੀ ਹੈ।

ਅਜੋਕੇ ਪਦਾਰਥਵਾਦੀ ਯੁਗ ਵਿੱਚ ਪੈਸੇ ਦੀ ਬੇਤਹਾਸ਼ਾ ਹੋੜ ਨੇ ਮਨੁੱਖੀ ਕਦਰਾਂ ਕੀਮਤਾਂ, ਰਿਸ਼ਤਿਆਂ, ਸਾਂਝੀਵਾਲਤਾ ਭਰਾਤਰੀਭਾਵ ਵਰਗੇ ਚੰਗੇ ਗੁਣਾਂ ਦੀ ਹੋਂਦ ਲਈ ਖ਼ਤਰਾ ਬਣਾ ਦਿੱਤਾ ਹੈ। ਐਸੇ ਸਮੇਂ ਵਿਚ 'ਸੁੱਚੀ ਕਿਰਤ' ਦਾ ਸੰਕਲਪ ਜਾਂ ਗੁਰਮੱਤ ਵਿਚਲੇ 'ਕਿਰਤਿ ਵਿਰਤਿ ਕਰ ਧਰਮ ਦੀ' ਦਾ ਸੰਕਲਪ ਹੋਰ ਵੀ ਲੋੜੀਂਦਾ ਬਣ ਜਾਂਦਾ ਹੈ।

**ਭਜਨ ਸਿੰਘ**

# ਗੁਰਬਾਣੀ ਵਿਆਖਿਆ- ਜਪੁ ਸਾਹਿਬ

**ਅਮੁਲ ਗੁਣ ਅਮੁਲ ਵਾਪਾਰ ॥**
ਅਣਮੁੱਲੇ ਹਨ ਉਸਦੇ ਗੁਣ ਅਤੇ ਅਨਮੋਲ ਹੈ ਉਸਦਾ ਸੱਚਾ ਵਪਾਰ।
God's virtues are invaluable, and invaluable is His dealings (in 'true' virtues).

**ਅਮੁਲ ਵਾਪਾਰੀਏ ਅਮੁਲ ਭੰਡਾਰ ॥**
ਅਣਮੁੱਲੇ ਹਨ ਉਸਦੇ ਵਪਾਰ ਨੂੰ ਕਰਨ ਵਾਲੇ ਸਾਧੂ ਜਨ ਅਤੇ ਉਸਦੇ ਭੰਡਾਰ।
Invaluable are the sages who practice His trade, and invaluable is His treasures.

**ਅਮੁਲ ਆਵਹਿ ਅਮੁਲ ਲੈ ਜਾਹਿ ॥**
ਅਣਮੁੱਲੇ ਹਨ ਜੋ ਤੇਰੇ ਕੋਲ ਆਉਂਦੇ ਹਨ, ਅਣਮੁੱਲੇ ਹਨ ਜੋ ਤੇਰੇ ਕੋਲੋਂ ਸੱਚ ਦਾ ਸੌਦਾ ਖਰੀਦ ਕੇ ਲੈ ਜਾਂਦੇ ਹਨ।
Invaluable are those who come to You (God),
invaluable are those who deal in truth with You.

**ਅਮੁਲ ਭਾਇ ਅਮੁਲਾ ਸਮਾਹਿ ॥**
ਅਣਮੁੱਲੇ ਹਨ ਤੇਰੇ ਪ੍ਰੇਮੀ ਅਤੇ ਅਣਮੁੱਲੇ ਹਨ ਜੋ ਤੇਰੇ ਵਿੱਚ ਸਮਾ ਜਾਂਦੇ ਹਨ।
Invaluable are those who love you,
and invaluable are those who imbibe themselves in You.

**ਅਮੁਲੁ ਧਰਮੁ ਅਮੁਲੁ ਦੀਬਾਣੁ ॥**
ਅਣਮੁੱਲਾ ਹੈ ਤੇਰਾ ਕਾਇਦਾ ਕਾਨੂੰਨ ਅਤੇ ਅਣਮੁੱਲਾ ਹੈ ਤੇਰਾ ਦਰਬਾਰ।
Invaluable is Your law (of righteousness), and invaluable is Your court.

**ਅਮੁਲੁ ਤੁਲੁ ਅਮੁਲੁ ਪਰਵਾਣੁ ॥**
ਅਣਮੁੱਲੀ ਹੈ ਤੇਰੀ ਤੱਕੜੀ ਅਤੇ ਅਣਮੁੱਲੇ ਹਨ ਤੇਰੇ ਵੱਟੇ।
Invaluable are your weighing scales (justice),
and invaluable are the weights (parameters).

**ਅਮੁਲੁ ਬਖਸੀਸ ਅਮੁਲੁ ਨੀਸਾਣੁ ॥**
ਤੇਰੀ ਬਖਸ਼ਿਸ਼ ਵੀ ਅਣਮੁੱਲੀ ਹੈ ਅਤੇ ਤੇਰਾ ਨੀਸ਼ਾਨ ਵੀ ਅਣਮੁੱਲਾ ਹੈ।
Invaluable are Your blessings, and invaluable is Your recognition.

**ਅਮੁਲੁ ਕਰਮੁ ਅਮੁਲੁ ਫੁਰਮਾਣੁ ॥**
ਤੇਰੀ ਰਹਿਮਤ ਵੀ ਅਣਮੁੱਲੀ ਹੈ ਅਤੇ ਤੇਰਾ ਹੁਕਮ ਵੀ ਅਣਮੁੱਲਾ ਹੈ।
Invaluable is Your grace, and invaluable is Your command.

**ਅਮੁਲੋ ਅਮੁਲੁ ਆਖਿਆ ਨ ਜਾਇ ॥**
ਤੂੰ ਅਣਮੁੱਲ ਹੀ ਅਣਮੁੱਲ ਹੈਂ, ਤੇਰੇ ਬਾਰੇ ਕੁਝ ਵੀ ਆਖਿਆ ਨਹੀਂ ਜਾ ਸਕਦਾ।
You are invaluably invaluable, it is difficult to narrate Your virtues.

**ਆਖਿ ਆਖਿ ਰਹੇ ਲਿਵ ਲਾਇ ॥**
ਆਖਦੇ-ਆਖਦੇ ਉਸਦੀ ਸਿਫ਼ਤ ਨੂੰ ਉਸ ਵਿੱਚ ਲਿਵ ਲਾ ਲੈਂਦੇ ਹਨ।
While narrating Your virtues, one gets engrossed in You.

**ਆਖਹਿ ਵੇਦ ਪਾਠ ਪੁਰਾਣ ॥**
ਵੇਦਾਂ ਅਤੇ ਪੁਰਾਣਾਂ ਦੇ ਪਾਠੀ ਵੀ ਤੇਰੀ ਸਿਫ਼ਤ ਨੂੰ ਕਹਿੰਦੇ ਹਨ।
Even those who read the *Vedas* and *Puranas*, praise Your virtues.

**ਆਖਹਿ ਪੜੇ ਕਰਹਿ ਵਖਿਆਣ ॥**
ਵਿਦਵਾਨ ਵੀ ਤੇਰਾ ਨਾਮ ਉਚਾਰਦੇ ਹਨ ਅਤੇ ਭਾਸ਼ਣ ਦਿੰਦੇ ਹਨ।
Scholars also recite Your *Naam*, and elaborate about You.

**ਆਖਹਿ ਬਰਮੇ ਆਖਹਿ ਇੰਦ ॥**
ਤੇਰੀ ਵਡਿਆਈ ਨੂੰ ਬ੍ਰਹਮਾ ਅਤੇ ਇੰਦਰ ਵੀ ਕਹਿੰਦੇ ਹਨ।
*Brahma* and *Indra* also praise Your virtues.

**ਆਖਹਿ ਗੋਪੀ ਤੈ ਗੋਵਿੰਦ ॥**
ਗੋਪੀਆਂ ਅਤੇ ਕ੍ਰਿਸ਼ਨ ਵੀ ਤੇਰੀ ਸਿਫ਼ਤ ਕਰਦੇ ਹਨ।
The *Gopis* and (Lord) *Krishna* also praise Your virtues.

**ਆਖਹਿ ਈਸਰ ਆਖਹਿ ਸਿਧ ॥**
ਸ਼ਿਵ ਅਤੇ ਸਿੱਧ ਵੀ ਤੇਰੀ ਉਪਮਾ ਕਰਦੇ ਹਨ।
(Lord) *Shiva* and the Hermits also praise Your virtues.

**ਆਖਹਿ ਕੇਤੇ ਕੀਤੇ ਬੁਧ ॥**
ਸਾਰੇ ਬੁੱਧ ਜੋ ਤੂੰ ਪੈਦਾ ਕੀਤੇ ਹਨ, ਤੇਰੀ ਵਡਿਆਈ ਕਰਦੇ ਹਨ।
All the planets that You have created, praise Your virtues.

**ਆਖਹਿ ਦਾਨਵ ਆਖਹਿ ਦੇਵ ॥**
ਦੈਂਤ ਅਤੇ ਦੇਵਤੇ ਵੀ ਤੇਰੀ ਉਪਮਾ ਕਰਦੇ ਹਨ।
Demons and demi-Gods also praise Your virtues.

**ਆਖਹਿ ਸੁਰਿ ਨਰ ਮੁਨਿ ਜਨ ਸੇਵ ॥**
ਦੇਵਤੇ, ਆਦਮੀ, ਮੁਨੀ ਲੋਕ ਅਤੇ ਸੇਵਕ ਜਨ ਵੀ ਤੇਰੀ ਸਿਫ਼ਤ ਕਰਦੇ ਹਨ।
Demi-Gods, humans, sages and all devotees, praise Your virtues.

**ਕੇਤੇ ਆਖਹਿ ਆਖਣਿ ਪਾਹਿ ॥**

ਅਨੇਕਾਂ ਹੀ ਤੇਰੀ ਸਿਫ਼ਤ ਕਰਦੇ ਹਨ ਅਤੇ ਸਿਫ਼ਤ ਕਰਨ ਦਾ ਯਤਨ ਕਰਦੇ ਹਨ।
Several praise Your virtues,
and continue to try and praise You.

**ਕੇਤੇ ਕਹਿ ਕਹਿ ਉਠਿ ਉਠਿ ਜਾਹਿ ॥**

ਅਨੇਕਾਂ ਹੀ ਤੇਰੀ ਸਿਫ਼ਤ ਦਾ ਅੰਦਾਜ਼ਾ ਲਾਉਂਦੇ-ਲਾਉਂਦੇ ਇਥੋਂ ਤੁਰੇ ਜਾ ਰਹੇ ਹਨ।
Several people have departed from earth
while trying to estimate the extent of Your virtues
(Despite continuous efforts, the vastness of God could not be estimated).

**ਏਤੇ ਕੀਤੇ ਹੋਰਿ ਕਰੇਹਿ ॥**

ਜੇ ਤੂੰ ਏਨੇ ਹੀ ਹੋਰ ਬਣਾ ਦਵੇਂ, ਜਿੰਨੇ ਪਹਿਲਾਂ ਬਣਾਏ ਹਨ।
Even if You create the same number of people,
as You had already created,

**ਤਾ ਆਖਿ ਨ ਸਕਹਿ ਕੇਈ ਕੇਇ ॥**

ਤਾਂ ਵੀ ਉਹ ਕੋਈ ਤੈਨੂੰ ਬਿਆਨ ਨਹੀਂ ਕਰ ਸਕਣਗੇ।
they will still fail to narrate Your vastness.

**ਜੇਵਡੁ ਭਾਵੈ ਤੇਵਡੁ ਹੋਇ ॥**

ਜਿੰਨਾ ਵੱਡਾ ਵਿਸਥਾਰ ਤੈਨੂੰ ਭਾਉਂਦਾ ਹੈ, ਓਡਾ ਹੀ ਹੋ ਜਾਂਦਾ ਹੈ।
You extend as much as You like.

**ਨਾਨਕ ਜਾਣੈ ਸਾਚਾ ਸੋਇ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਉਹ ਸੱਚਾ ਪ੍ਰਭੂ ਸਭ ਕੁਝ ਜਾਣਦਾ ਹੈ।
*Satguru Nanak* says that the true God knows everything.

**ਜੇ ਕੋ ਆਖੈ ਬੋਲੁ ਵਿਗਾੜੁ ॥**

ਜੇ ਕੋਈ ਬੜਬੋਲਾ ਮਨੁੱਖ ਉਸ ਬਾਰੇ ਦੱਸਣ ਲੱਗੇ,
If a bigmouth person tries to describe Him,

**ਤਾ ਲਿਖੀਐ ਸਿਰਿ ਗਾਵਾਰਾ ਗਾਵਾਰੁ ॥੨੬॥**

ਤਾਂ ਉਹ ਮੂਰਖਾਂ ਸਿਰ ਮੂਰਖ ਗਿਣਿਆ ਜਾਂਦਾ ਹੈ।
that person is counted as 'the foolish among the fools'.

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ.....**

# ਉਪਦੇਸ਼ ਸ੍ਰੀ ਸਤਿਗੁਰੂ ਉਦੇ ਸਿੰਘ ਜੀ

**ਸ਼ਹੀਦੀ ਜੋੜ ਮੇਲਾ** **15 ਸਤੰਬਰ 2021, ਅੰਮ੍ਰਿਤਸਰ**

ਪਰਮ ਸਤਿਕਾਰਯੋਗ ਸਾਧ ਸੰਗਤ ਜੀ, ਅੱਜ ਅਸੀਂ ਮਹਾਨ ਸ਼ਹੀਦਾਂ ਦੀ ਯਾਦ ਵਿੱਚ ਇਕੱਤਰ ਹੋਏ ਹਾਂ, ਥੋੜ੍ਹਾ ਜਿਹਾ ਪਿੱਛੇ ਚੱਲੀਏ, ਜਿਸ ਸੱਚੇ ਪਾਤਸ਼ਾਹ ਦਾ ਅਸੀਂ 400 ਸਾਲਾ ਪ੍ਰਕਾਸ਼ ਪੁਰਬ ਮਨਾ ਰਹੇ ਹਾਂ, ਜਿਨ੍ਹਾਂ ਨੂੰ ਅਸੀਂ ਹਿੰਦ ਦੀ ਚਾਦਰ ਕਹਿ ਕੇ ਯਾਦ ਕਰਦੇ ਹਾਂ, ਉਨ੍ਹਾਂ ਦੇ ਚਰਨਾਂ ਵਿੱਚ ਸੀਸ ਝੁਕਾਉਂਦੇ ਹੋਏ, ਇੱਕ ਵਾਰੀ ਆਖੀਏ- 'ਧੰਨ ਸ੍ਰੀ ਗੁਰੂ ਤੇਗ ਬਹਾਦਰ ਸੱਚੇ ਪਾਤਸ਼ਾਹ।'

ਸਾਧ ਸੰਗਤ ਜੀ ਇਸੇ ਪਿਛੋਕੜ ਨੂੰ ਅੱਗੇ ਲੈ ਕੇ ਚੱਲਦੇ ਹੋਏ, ਜਿਸ ਪਾਤਸ਼ਾਹ ਨੇ ਇਹ ਖ਼ਾਲਸਾ ਸਰੂਪ ਦਿੱਤਾ ਹੈ, ਜਿਨ੍ਹਾਂ ਨੇ ਸੱਚ ਲਈ ਕਿਰਪਾਣ ਚੁੱਕਣ ਤੇ ਸ਼ਹੀਦ ਹੋਣਾ ਵੀ ਸਿਖਾਇਆ, ਉਨ੍ਹਾਂ ਦੇ ਚਰਨਾਂ ਵਿੱਚ ਸੀਸ ਝੁਕਾਉਂਦੇ ਹੋਏ ਇੱਕ ਵਾਰੀ ਆਖੀਏ- 'ਧੰਨ ਸ੍ਰੀ ਸਤਿਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ।'

ਉਸ ਮਹਾਨ ਸਤਿਗੁਰੂ ਜਿਨ੍ਹਾਂ ਨੇ ਸ਼ਹੀਦਾਂ ਨੂੰ ਪੈਦਾ ਕੀਤਾ, ਜਿਨ੍ਹਾਂ ਨੇ ਦਸਵੇਂ ਪਾਤਸ਼ਾਹ ਦੀ ਦਿੱਤੀ ਹੋਈ ਸਿੱਖੀ ਨੂੰ 'ਸੰਤ ਖਾਲਸਾ' ਦੇ ਰੂਪ ਵਿੱਚ ਮੁੜ ਸੁਰਜੀਤ ਕੀਤਾ, ਉਨ੍ਹਾਂ ਨੂੰ ਯਾਦ ਕਰੀਏ ਉਨ੍ਹਾਂ ਦੇ ਚਰਨਾਂ ਵਿੱਚ ਸੀਸ ਝੁਕਾਈਏ ਤੇ ਆਖੀਏ- 'ਧੰਨ ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ।'



ਸਾਧ ਸੰਗਤ ਜੀ ਜੇ ਆਪਾਂ ਪਿੱਛੇ ਵੇਖੀਏ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਕਿਸ ਹਾਲਾਤ ਵਿੱਚ ਛੱਡਿਆ ਭਾਰਤ ਨੂੰ ਉਦੋਂ ਹਾਲਾਤ ਬਹੁਤ ਚੰਗੇ ਨਹੀਂ ਸਨ, ਬੇਸ਼ੱਕ ਆਪਾਂ ਸਿੱਖ ਰਾਜ ਕਹਿ ਲਈਏ ਪਰ ਮਹਾਰਾਜਾ ਰਣਜੀਤ ਸਿੰਘ ਦੀ ਮੌਤ ਹੋਣ ਤੋਂ ਬਾਅਦ ਸਿੱਖਾਂ ਨੇ ਸਿੱਖਾਂ ਨੂੰ ਮਾਰਿਆ। ਹੁਣੇ ਵਿਰਕ ਜੀ (ਸੁਵਰਨ ਸਿੰਘ ਵਿਰਕ) ਨੇ ਗੱਲ ਕੀਤੀ ਸੀ ਕਿ ਕਿਸ ਤਰ੍ਹਾਂ ਬਾਬਾ ਬੀਰ ਸਿੰਘ ਜੀ ਨੌਰੰਗਾਬਾਦੀ ਨੂੰ ਮਾਰਿਆ, ਕਿਸ ਤਰ੍ਹਾਂ ਬਾਬਾ ਮਹਾਰਾਜ ਸਿੰਘ ਅਤੇ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਨੂੰ ਵਿਦੇਸ਼ ਭੇਜਣ ਵਿੱਚ ਅਤੇ ਇੱਥੇ ਨਾ ਵਾਪਸ ਆਉਣ 'ਤੇ ਉਸ ਵੇਲੇ ਦੇ ਸਿੱਖਾਂ ਦਾ ਹੀ ਹੱਥ ਰਿਹਾ। ਸਿੱਖਾਂ ਵਿੱਚ ਧਰਮ ਖ਼ਤਮ ਹੋ ਚੁੱਕਾ ਸੀ। ਉਦੋਂ ਧਰਮ ਨਾਂ ਦੀ ਕੋਈ ਚੀਜ਼ ਹੀ ਨਹੀਂ ਸੀ ਰਹੀ। ਜੇ ਆਪਾਂ ਮਹਾਰਾਜਾ ਰਣਜੀਤ ਸਿੰਘ ਤੋਂ ਬਾਅਦ ਦਾ ਵੀ ਇਤਿਹਾਸ ਦੇਖੀਏ, ਭਰਾਵਾਂ ਨੇ ਭਰਾਵਾਂ ਨੂੰ ਮਾਰਿਆ, ਪੁੱਤਰਾਂ ਨੇ ਮਾਵਾਂ ਨੂੰ ਮਾਰਿਆ, ਜਿਹਨੂੰ ਆਪਾਂ ਸਿੱਖ ਰਾਜ ਕਹਿੰਦੇ ਹਾਂ। ਉਹ ਕਿਸ ਤਰ੍ਹਾਂ ਆਪਸ ਵਿੱਚ ਲੜ ਕੇ ਖ਼ਤਮ ਹੋਇਆ?

ਉਸ ਸਮੇਂ ਵਿੱਚ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਕ੍ਰਿਪਾ ਕੀਤੀ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਫੌਜ ਛੱਡਣ ਵੇਲੇ ਦੇਖ ਲਿਆ ਕਿ ਸਿੱਖਾਂ ਦੇ ਜੀਵਨ ਵਿੱਚ ਗਿਰਾਵਟ ਆ ਚੁੱਕੀ ਹੈ। ਅਸੀਂ ਇਸ ਦੇਸ਼ ਨੂੰ ਕਦੀ ਵੀ ਆਜ਼ਾਦ ਨਹੀਂ ਕਰਵਾ ਸਕਾਂਗੇ, ਜਿੰਨਾ ਚਿਰ ਤੱਕ ਸਾਡੇ ਵਿਚ ਧਰਮ ਦੀ ਭਾਵਨਾ ਨਹੀਂ ਹੋਵੇਗੀ, ਜਿੰਨਾ ਚਿਰ ਅਸੀਂ ਨਾਮ ਨਾਲ ਜੁੜ ਕੇ ਆਪਣੇ ਲਾਲਚਾਂ ਤੋਂ ਉੱਪਰ ਨਹੀਂ ਉੱਠ ਸਕਾਂਗੇ, ਓਨਾ ਚਿਰ ਅਸੀਂ ਦੇਸ਼ ਲਈ ਕਦੀ ਵੀ ਲੜ ਨਹੀਂ ਸਕਾਂਗੇ। ਉਸ ਸਮੇਂ ਪੰਜਾਬੀਆਂ 'ਤੇ 1857 ਵਾਲਾ ਵੀ ਕਲੰਕ ਲੱਗ ਚੁੱਕਾ ਸੀ। ਉਸ ਕਲੰਕ ਨੂੰ ਵੀ ਸ੍ਰੀ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦੇ ਸਿੱਖਾਂ ਨੇ ਧੋਤਾ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਜੀ ਨੇ ਕ੍ਰਿਪਾ ਕੀਤੀ ਕਿ ਉਨ੍ਹਾਂ ਦੇ ਸਿੱਖ, ਉਹ ਸ਼ਹੀਦ ਮਰਨ-ਮਰਾਉਣ ਤੋਂ ਬਹੁਤ ਉਪਰ ਉੱਠ ਚੁੱਕੇ ਸਨ ਕਿਉਂਕਿ ਉਨ੍ਹਾਂ ਨੂੰ ਇਹ ਜਣਾ ਦਿੱਤਾ ਸੀ ਕਿ ਇਹ ਜੋ ਦੇਹ ਹੈ, ਇਹ ਸਰੀਰ ਹੈ, ਇਹ ਤੇ ਜਾਣਾ ਹੀ ਹੈ। ਇਹ ਸਰੀਰ ਇੱਥੇ ਸਦਾ ਨਹੀਂ ਰਹਿਣਾ। ਜੇ ਇਹ ਧਰਮ ਦੇ ਲੇਖੇ ਲੱਗਾ ਤਾਂ ਵੱਡੇ ਭਾਗ ਹੋਣਗੇ। ਜਦੋਂ ਇੱਥੇ ਅੰਗਰੇਜ਼ ਆਏ ਸੀ, ਕੋਈ ਲੱਖਾਂ ਦੇ

ਵਿੱਚ ਨਹੀਂ ਆਏ ਸੀ, ਸਾਡੇ ਕਰੋੜਾਂ 'ਤੇ ਰਾਜ ਕਰਨ ਵਾਲੇ ਸ਼ਾਇਦ ਪੰਜ ਦਾ ਦੱਸ ਹਜ਼ਾਰ ਅੰਗਰੇਜ਼ਾਂ ਨੇ ਆ ਕੇ ਸਾਡੇ 'ਤੇ ਰਾਜ ਕੀਤਾ। ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਨੇ ਉਹ ਕਿਰਪਾ ਕੀਤੀ, ਉਨ੍ਹਾਂ ਦੇ ਸਿੱਖ 'ਸੱਚ' ਨਾਲ ਜੁੜੇ, ਉਹ ਲਾਲਚ ਤੋਂ ਉੱਪਰ ਹੋ ਗਏ। ਉਨ੍ਹਾਂ ਇਹ ਦੇਸ਼ ਲਈ, ਗਊ ਗ਼ਰੀਬ ਲਈ ਆਪਣੇ ਸੀਸ ਦਿੱਤੇ। ਅਸੀਂ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿੱਚ ਅਰਦਾਸ ਕਰੀਏ ਕਿ ਹੇ ਸੱਚੇ ਪਾਤਸ਼ਾਹ! ਸਾਨੂੰ ਵੀ ਉਹ ਜੀਵਨ ਦਵੋ ਅਸੀਂ ਸੱਚ 'ਤੇ ਚਲ ਸਕੀਏ। ਅਸੀਂ ਵੀ ਛੋਟੇ-ਛੋਟੇ ਲਾਲਚਾਂ 'ਤੇ ਡਿੱਗੀਏ ਨਾ। ਜੇ ਅਸੀਂ ਸਤਿਗੁਰੂ ਰਾਮ ਸਿੰਘ ਸੱਚੇ ਪਾਤਸ਼ਾਹ ਦਾ ਉਨ੍ਹਾਂ ਦੇ ਸਿੱਖਾਂ ਦਾ ਉਨ੍ਹਾਂ ਦੇ ਸ਼ਹੀਦਾਂ ਦਾ ਸੁਪਨਾ ਪੂਰਾ ਕਰਨਾ ਚਾਹੁੰਦੇ ਹਾਂ ਤਾਂ ਸਾਨੂੰ ਉਨ੍ਹਾਂ ਦੇ ਅਸੂਲਾਂ 'ਤੇ ਚੱਲਣਾ ਪਵੇਗਾ। ਕਿੰਨੀ ਵੱਡੀ ਗੱਲ ਹੈ ਕਿ ਕਿਸ ਤਰ੍ਹਾਂ ਸਿੱਖ ਸਤਿਗੁਰੂ ਰਾਮ ਸਿੰਘ ਜੀ ਤੱਕ ਜਾਂਦੇ ਹਨ ਤੇ ਸੱਚੇ ਪਾਤਸ਼ਾਹ, ਜੇ ਹੁਕਮ ਕਰਦੇ ਹਨ 'ਬੀਜਿਆ ਤੁਸੀਂ ਹੈ ਤੇ ਵਡੇ ਕੋਈ ਹੋਰ' ਜਾਓ, ਜਾ ਕੇ ਸ਼ਹੀਦ ਹੋਵੋ। ਉਹ ਬੜੀ ਆਰਾਮ ਦੀ ਜ਼ਿੰਦਗੀ ਕੱਟ ਸਕਦੇ ਸੀ ਪਰ ਉਹ ਸੱਚ 'ਤੇ ਖਲੋਤੇ ਤੇ ਵਾਪਸ ਆ ਕੇ ਕਿਹਾ ਕਿ ਅਸੀਂ ਇਹ ਕੰਮ ਕੀਤੇ ਨੇ ਕਿਸੇ ਬੇਗੁਨਾਹ ਨੂੰ ਸਜ਼ਾ ਨਾ ਦੇਵੋ। ਕੀ ਸਾਡੇ ਵਿਚ ਵੀ ਇਹ ਭਾਵਨਾ ਆ ਸਕਦੀ ਹੈ? ਆਪਾਂ ਵੀ ਇਸ ਸੱਚ 'ਤੇ ਚੱਲ ਸਕਦੇ ਹਾਂ ਤਾਂ ਕਿ ਦੇਸ਼ ਦਾ ਰੂਪ ਹੋਰ ਵੀ ਵਧੀਆ ਹੋ ਸਕੇ। ਸੱਚੇ ਪਾਤਸ਼ਾਹ ਦੀ ਕਿਰਪਾ ਹੋਵੇ ਕਿ ਸਾਨੂੰ ਵੀ ਸੱਚ 'ਤੇ ਚੱਲਣ ਦਾ ਬਲ ਬਖਸ਼ਣ।

ਮੈਂ ਸਾਰੀ ਸਾਧ ਸੰਗਤ ਨੂੰ ਅਰਜ਼ ਬੇਨਤੀ ਕਰਦਾ ਹਾਂ ਕਿ ਇਹ ਮਹੀਨਾ ਜਪ ਪ੍ਰਯੋਗ ਚੱਲ ਰਿਹਾ ਹੈ। ਜਿਸ ਸਤਿਗੁਰੂ ਜੀ ਨੇ ਇਹ ਜਪ ਪ੍ਰਯੋਗ ਚਲਾਇਆ। ਜਿਸ ਸਤਿਗੁਰੂ ਸੱਚੇ ਪਾਤਸ਼ਾਹ ਦੀ ਕਿਰਪਾ ਨਾਲ ਸਾਨੂੰ ਇਹ ਜਗ੍ਹਾ ਮਿਲੀ ਹੈ, ਉਨ੍ਹਾਂ ਦੇ ਚਰਨਾਂ ਵਿੱਚ ਵੀ ਸੀਸ ਝੁਕਾਉਂਦੇ ਹੋਏ ਇਕ ਵਾਰ ਗੱਜ ਕੇ ਆਖੋ 'ਧੰਨ ਸ੍ਰੀ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।' ਇਹ ਅਰਜ਼ ਹੈ ਤੁਹਾਡੇ ਸਾਰਿਆਂ ਦੇ ਅੱਗੇ ਕਿ ਇਸ ਮਹੀਨੇ ਵਿੱਚ ਵੱਧ ਤੋਂ ਵੱਧ ਨਾਮ ਸਿਮਰਨ ਕਰੋ। ਨਾਮ ਸਿਮਰਨ ਕਰਦੇ ਹੋਏ ਕੋਸ਼ਿਸ਼ ਕਰੋ ਕਿ ਸਾਡਾ ਮਨ ਸਤਿਗੁਰੂ ਸੱਚੇ ਪਾਤਸ਼ਾਹ ਦੇ ਚਰਨਾਂ ਵਿਚ ਜੁੜ ਸਕੇ। ਸਾਡੇ ਮਨ ਵਿੱਚੋਂ ਈਰਖਾ, ਦਵੈਸ਼ ਨਿਕਲ ਜਾਵੇ। ਸਾਡਾ ਵੀ ਇਹ ਜੀਵਨ ਇਨ੍ਹਾਂ ਮਹਾਨ ਸ਼ਹੀਦਾਂ ਵਰਗਾ ਉੱਚਾ ਹੋ ਸਕੇ ਤਾਂ ਕਿ ਅਸੀਂ ਵੀ ਸੱਚ 'ਤੇ ਚੱਲ ਸਕੀਏ 'ਤੇ ਸੱਚ 'ਤੇ ਚਲਦਿਆਂ ਸਾਨੂੰ ਡਰ ਨਾ ਲੱਗੇ।

ਮੈਂ ਅੱਗੇ ਕੱਲ੍ਹ ਪਰਸੋਂ ਬੈਠਾ ਵੀ ਗੱਲ ਕਰਦਾ ਸੀ ਕਿ ਇਹ ਪੰਥ ਬਹੁਤ ਉੱਚਾ ਹੈ। ਇਹ ਪੰਥ ਇਸ ਕਰਕੇ ਉੱਚਾ ਹੈ। ਇਹ ਜੋ ਧਰਮ ਦੇ ਨਾਂ 'ਤੇ ਲੜਾਈਆਂ ਹੁੰਦੀਆਂ ਹਨ, ਮਜ਼ਲੂਮਾਂ ਨੂੰ ਮਾਰਿਆ ਜਾਂਦਾ ਹੈ, ਇਹ ਉਹ ਲੀਕਾਂ ਤੋਂ ਬਹੁਤ ਉੱਪਰ ਉੱਠਿਆ ਹੋਇਆ ਹੈ। ਇਹ ਉਹ ਪੰਥ ਹੈ, ਜਿਥੇ ਗੁਰੂ ਨਾਨਕ ਦੇਵ ਜੀ ਨੇ ਕ੍ਰਿਪਾ ਕੀਤੀ ਹੈ ਕਿ ਇਹ ਸਾਰਾ ਸੰਸਾਰ ਉਸ ਦੀ ਹੀ ਰਚਨਾ ਹੈ ਤੇ ਉਸ ਤੋਂ ਉੱਪਰ ਹੋਰ ਕੁਝ ਨਹੀਂ। ਸਾਨੂੰ ਉਨ੍ਹਾਂ ਨੇ ਸਿਖਾਇਆ ਹੈ ਕਿ ਜੇ ਤੂੰ ਹਿੰਦੂ ਹੈ ਤਾਂ ਚੰਗਾ ਹਿੰਦੂ ਬਣ, ਜੇ ਤੂੰ ਮੁਸਲਮਾਨ ਹੈ ਤਾਂ ਚੰਗਾ ਮੁਸਲਮਾਨ ਬਣ ਜਾ। ਇਹ ਧਰਮਾਂ ਦੀਆਂ ਲੜਾਈਆਂ ਤੋਂ ਸਾਨੂੰ ਹਟਾਇਆ ਹੈ। ਸਾਨੂੰ ਸੱਚ ਨਾਲ ਜੋੜਿਆ ਹੈ। ਆਪਾਂ ਅਰਦਾਸ ਕਰੀਏ ਸੱਚ 'ਤੇ ਚਲਦੇ ਹੋਏ ਮਜ਼ਲੂਮਾਂ ਦੀ ਰੱਖਿਆ ਕਰ ਸਕੀਏ। ਅਸੀਂ ਵੀ ਸਤਿਗੁਰੂ ਜੀ ਦਾ ਹੁਕਮ ਮੰਨ ਸਕੀਏ।

ਮੈਂ ਅਰਜ਼ ਕਰਦਾਂ ਹਾਂ ਕਿ ਬੱਚਿਆਂ ਨੂੰ ਸਿੱਖਿਆ ਦੇਵੋ ਕਿ ਉਹ ਮਾਣ ਨਾਲ ਕਹਿ ਸਕਣ ਕਿ ਅਸੀਂ ਵੀ ਸਿੱਖ ਹਾਂ। ਬੱਚਿਆਂ ਨੂੰ ਸਿੱਖ ਹੋਣ ਦਾ ਮਾਣ ਹੋਵੇ, ਫਿਰ ਇਹ ਨਹੀਂ ਕਿ ਤੁਹਾਡੇ ਬੱਚੇ ਕਿਸੇ ਦੇ ਕੋਲ ਜਾ ਕੇ ਕੇਸ ਕਤਲ ਕਰਵਾ ਦੇਣਗੇ, ਦਾੜ੍ਹੀ ਦਾ ਭਾਰ ਉਨ੍ਹਾਂ ਨੂੰ ਭਾਰ ਨਹੀਂ ਲੱਗੇਗਾ, ਕੇਸਾਂ ਦਾ ਭਾਰ ਉਨ੍ਹਾਂ ਨੂੰ ਭਾਰ ਨਹੀਂ ਲੱਗੇਗਾ। ਜੇ ਮਾਂ ਹੀ ਏਹ ਕਹਿ ਦੇਵੇ ਕਿ ਮੈਥੋਂ ਨੀ ਕੇਸ ਬਣਾਏ ਜਾਂਦੇ, ਫਾਹ ਵੱਡ ਪਰ੍ਹੇ, ਫਿਰ ਬੱਚਿਆਂ ਨੇ ਸਿੱਖ ਨਹੀਂ ਹੋਣਾ। ਤੁਹਾਡੀ ਮਾਵਾਂ ਦੀ ਬਹੁਤ ਵੱਡੀ ਜ਼ਿੰਮੇਵਾਰੀ ਹੈ। ਬੱਚੇ ਤੁਹਾਡੇ ਸਿੱਖ ਬਣਨ, ਬੱਚੇ ਤੁਹਾਡੇ ਸੂਰਬੀਰ ਬਣਨ, ਤੁਹਾਡੇ ਬੱਚੇ ਸੱਚੇ ਬਣਨ, ਬਚਪਨ ਵਿੱਚ ਜੋ ਸਿੱਖਿਆ ਹੈ, ਉਹ ਨਹੀਂ ਭੁੱਲਦਾ, ਵੱਡੇ ਹੋ ਕੇ ਬਦਲਣਾ ਬਹੁਤ ਔਖਾ ਹੁੰਦਾ ਹੈ। ਬਚਪਨ ਵਿਚ ਜੋ ਤੁਸੀਂ ਸਿਖਾ ਦਿਓ, ਉਹ ਲਕੀਰਾਂ ਮਿਟਦੀਆਂ ਨਹੀਂ।

ਸੱਚੇ ਪਾਤਸ਼ਾਹ ਕਿਰਪਾ ਕਰਨ ਬਖ਼ਸ਼ਿਸ਼ ਕਰਨ ਉਨ੍ਹਾਂ ਦੇ ਦੱਸੇ ਹੋਏ ਰਸਤੇ 'ਤੇ ਅਸੀਂ ਚੱਲ ਸਕਏ ਅਸੀਂ ਚੰਗੇ ਸਿੱਖ ਬਣ ਸਕੀਏ। ਏਨੀ ਅਰਜ਼ ਕਰਦਾ ਹੋਇਆ, ਉਨ੍ਹਾਂ ਸ਼ਹੀਦਾਂ ਦੇ ਚਰਨਾਂ ਵਿੱਚ ਸੀਸ ਝੁਕਾਉਂਦਾ ਹੋਇਆ ਖਿਮਾ ਮੰਗਦਾ ਹਾਂ, ਇਕ ਵਾਰੀ ਫੇਰ ਆਖੋ- 'ਧੰਨ ਸਤਿਗੁਰੂ ਜਗਜੀਤ ਸਿੰਘ ਸੱਚੇ ਪਾਤਸ਼ਾਹ।' ਇੱਥੋਂ ਦੀ ਸੰਗਤ ਨੇ ਸੇਵਾ ਕੀਤੀ ਹੈ, ਧੰਨਵਾਦ ਉਨ੍ਹਾਂ ਦਾ, ਧੰਨ ਭਾਗ ਨੇ ਉਨ੍ਹਾਂ ਦੇ, ਉਨ੍ਹਾਂ ਨੂੰ ਇਹ ਸੇਵਾ ਕਰਨ ਦਾ ਮੌਕਾ ਮਿਲਿਆ। ਸੱਚੇ ਪਾਤਸ਼ਾਹ ਕਿਰਪਾ ਕਰਨ ਇਸੇ ਤਰ੍ਹਾਂ ਉਨ੍ਹਾਂ ਨੂੰ ਸਿੱਖੀ ਬਖ਼ਸ਼ਣ, ਸੇਵਾ ਕਰਨ ਦਾ ਬਲ ਬਖਸ਼ਣ।

ਸਤਿ ਸ੍ਰੀ ਅਕਾਲ।

# ਪੂਰੀ ਹੋਈ ਕਰਾਮਾਤਿ

## (ਗੁਰੂ ਰਾਮਦਾਸ ਜੀ)



ਪ੍ਰਿੰ. ਸਤਿਬੀਰ ਸਿੰਘ

"ਵਡੇ ਕੀਆ ਵਡਿਆਈਆ, ਕਿਛੁ ਕਹਣਾ ਕਹਣੁ ਨ ਜਾਇ", ਵਾਲੀ ਗੱਲ ਹੁੰਦੀ ਹੈ ਜਦ ਗੁਰੂ ਪਾਤਸ਼ਾਹਾਂ ਦੀ ਜੀਵਨੀ ਬਾਰੇ ਲਿਖਣ ਦਾ ਯਤਨ ਕੀਤਾ ਜਾਏ। ਗੁਰੂ ਰਾਮ ਦਾਸ ਜੀ ਦੇ ਸਮੁੱਚੇ ਜੀਵਨ ਬਾਰੇ ਤਿੰਨ ਸ਼ਬਦ ਹੀ ਲਿਖਣੇ ਹੋਣ ਤਾਂ ਅਸਾਨੀ ਨਾਲ ਕਹਿ ਸਕਦੇ ਹਾਂ ਕਿ ਉਹਨਾਂ ਦਾ ਜੀਵਨ 'ਪੂਰੀ ਹੋਈ ਕਰਾਮਾਤਿ' ਦਾ ਅਕਸ ਸੀ।

ਜੀਵਨੀ ਪੜ੍ਹ ਕੇ ਜ਼ਾਹਰ ਹੋ ਗਿਆ ਕਿ ਜਿਸ ਬਾਲਕ ਦੇ ਸਿਰ ਤੋਂ ਮਾਂ-ਬਾਪ ਦਾ ਸਾਇਆ ਉੱਠ ਜਾਏ, ਲਾਹੌਰ ਵਰਗੇ ਵੱਡੇ ਸ਼ਹਿਰ ਵਿਚ ਕੋਈ ਹੁੰਗਾਰਾ ਭਰਨ ਵਾਲਾ ਵੀ ਨਾ ਰਹੇ, ਭੈਣ ਤੇ ਇਕ ਭਰਾ ਦੀ ਪਾਲਨਾ ਪੋਸ਼ਣਾ ਵੀ ਜ਼ਿੰਮੇ ਹੋਵੇ ਪਰ ਫਿਰ ਹੌਂਸਲਾ ਨਾ ਹਾਰਨਾ ਸਗੋਂ ਪਹਿਲੇ ਦਿਨ ਹੀ ਛਾਬੇ ਦਾ ਸਾਰਾ ਮਾਲ ਭੁੱਖਿਆਂ ਨੂੰ ਖਵਾਲ ਦੇਣਾ ਕਿਸੇ ਕਰਾਮਾਤੀ ਸ਼ਖ਼ਸੀਅਤ ਦਾ ਹੀ ਕਾਰਜ ਹੋ ਸਕਦਾ ਸੀ।

ਬਾਸਰਕੇ ਆ ਕੇ ਕਿਸੇ ਅੱਗੇ ਰੋਣਾ ਨਹੀਂ ਹੋਇਆ, ਹੱਥ ਨਹੀਂ ਅੱਡਿਆ, ਸ਼ਰੀਕੇ ਤੇ ਗਵਾਂਢੀਆਂ ਦੀ ਬੇਰੁਖੀ ਤੋਂ ਨਹੀਂ ਘਬਰਾਏ, ਕਿਰਤ ਕਰਦੇ ਰਹੇ, ਕੀਰਤਨ ਵਿਚ ਜੁੜਦੇ ਰਹੇ।

ਜਦ ਗੁਰੂ ਅਮਰ ਦਾਸ ਜੀ ਦੀ ਕਿਰਪਾ ਦ੍ਰਿਸ਼ਟੀ ਹੋਈ ਤਾਂ ਕਰਾਮਾਤਿ ਪੂਰਨ ਹੋ ਗਈ। ਸਹਿਨਸ਼ੀਲਤਾ ਦੇ ਐਸੇ ਪੂਰਨੇ ਪਾਏ ਕਿ ਗੁਰੂ ਅਮਰ ਦਾਸ ਜੀ ਰੀਝੇ। ਇਹ ਵੀ ਇਕ ਕਰਾਮਾਤਿ ਸੀ ਕਿ ਸਾਥ ਬੀਬੀ ਭਾਨੀ ਵਰਗੀ ਸੁਪਤਨੀ ਦਾ ਮਿਲਿਆ। ਜੇ ਗੁਰੂ ਜੀ ਲੋਕਾਂ ਦੀ ਸੇਵਾ, ਬਾਉਲੀ ਦੀ ਉਸਾਰੀ, ਲੰਗਰ ਦੇ ਕਾਰਜ ਅਤੇ ਸੰਗਤਿ ਵਿਚ ਪੱਖਾ ਫੇਰੀ, ਪਾਣੀ ਢੋਵਾ ਵਿਚ ਜੁੱਟੇ ਰਹਿੰਦੇ ਸਨ ਤਾਂ ਬੀਬੀ ਭਾਨੀ ਜੀ ਅੰਮ੍ਰਿਤ ਵੇਲੇ ਤੋਂ ਰਾਤ ਸਮੇਂ ਤਕ ਗੁਰ-ਸੇਵਾ ਕਰ ਆਪਣਾ ਧਰਮ ਬਣਾ ਨਿਭਾ ਰਹੇ ਸਨ। ਸਤਿ-ਸਤੀ ਦੀ ਮੂਰਤ ਸੀ ਗੁਰ-ਸੁਤਾ।[1]

ਸਹੁਰਿਆਂ ਦੇ ਘਰ ਬਾਈ ਸਾਲ ਸੱਚਮੁੱਚ ਟੋਕਰੀ ਮਿੱਟੀ ਦੀ ਸਿਰ ਚਾਈਂ-ਚਾਈਂ ਰੱਖਣੀ ਅਤੇ ਕਿਸੇ ਦੇ ਤਾਅਨੇ ਤੇ ਮਿਹਣੇ ਦੀ ਪ੍ਰਵਾਹ ਨਾ ਕਰਨੀ ਇਕ ਵੱਡੀ ਕਰਾਮਾਤ ਸੀ। ਜਦ ਕਿਸੇ ਅਨਜਾਣ ਬਿਰਾਦਰੀ ਦੇ ਜੀਅ ਨੇ ਨਿਹੋਰਾ ਸੁੱਟਿਆ ਤਾਂ ਇਸ ਕਰਾਮਾਤੀ ਸ਼ਖ਼ਸੀਅਤ ਨੇ ਕਿਹਾ: "ਇਹ ਨਹੀਂ ਜਾਣਦੇ ਸੇਵਾ ਦਾ ਕੀ ਮਹਾਤਮ ਹੈ। ਇਹ ਸਰੀਰਾਂ ਦੇ ਰਿਸ਼ਤਿਆਂ ਤੋਂ ਉੱਚੇ ਉੱਠ ਹੀ ਨਹੀਂ ਸਕੇ।" ਭਾਈ ਗੁਰਦਾਸ ਜੀ ਨੇ ਇਸੇ ਲਈ 'ਦੇਹ ਬਿਦੇਹੀ, ਲੋਗ ਅਲੋਗੀ' ਦੀ ਤੁਕ ਗੁਰੂ ਰਾਮ ਦਾਸ ਜੀ ਪ੍ਰਤੀ ਲਿਖੀ ਹੈ। ਫਿਰ ਜਦ ਗੁਰੂ ਅਮਰ ਦਾਸ ਜੀ ਨੇ ਆਪਣੀ ਹੱਥੀਂ ਤਖ਼ਤ 'ਤੇ ਬਿਠਾ ਕੇ, ਪਰਦਖਣਾ ਕਰ, ਮੱਥਾ ਟੇਕਿਆ, ਤਾਂ ਐਸੀ ਕਰਾਮਾਤਿ ਹੋ ਗਈ ਜੋ ਕਦੇ ਨਾ ਹੋਈ ਹੈ ਅਤੇ ਨਾ ਹੋਵੇਗੀ।

ਜਿਤਨੀ ਉਪਮਾ ਸਮਕਾਲੀ ਭੱਟਾਂ, ਭਾਈ ਗੁਰਦਾਸ ਜੀ ਨੇ, ਰਬਾਬੀ ਸਤਾ ਤੇ ਬਲਵੰਡ ਜੀ, ਭਾਈ ਸੰਤੋਖ ਸਿੰਘ ਜੀ, ਗਿਆਨੀ ਗਿਆਨ ਸਿੰਘ ਜੀ ਤੇ ਹੋਰਨਾਂ ਗਾਈ ਹੈ, ਉਸ ਦਾ ਕੋਈ ਅੰਤ ਨਹੀਂ। ਭੱਟਾਂ ਨੇ ਪੰਜ ਗੁਰੂ ਸਾਹਿਬਾਨ ਦੀ ਉਪਮਾ ਵਿਚ ਕੇਵਲ ੧੨੩ ਸਵੱਈਏ ਉਚਾਰੇ ਹਨ। ਉਹਨਾਂ ਵਿਚੋਂ ੬੦ ਤਾਂ ਨਿਰੋਲ ਗੁਰੂ ਰਾਮ ਦਾਸ ਜੀ ਦੀ ਉਪਮਾ ਵਿੱਚ ਹਨ। ਹੋਰ ੩੩ ਸਵੱਈਆਂ ਵਿਚ ਵੀ ਗੁਰੂ ਰਾਮ ਦਾਸ ਜੀ ਦੀ ਸ਼ਕਤੀ, ਭਗਤੀ, ਗੌਰਵਤਾ, ਨਿੰਮ੍ਰਤਾ, ਸੇਵਾ ਅਤੇ ਵਰੋਸਾਏ ਦਾ ਜ਼ਿਕਰ ਹੈ। ਕਵੀ ਸੰਤੋਖ ਸਿੰਘ ਜੀ ਨੇ ਤਾਂ ਇਕ ਪੂਰਾ ਗੁਰੂ ਰਾਮ ਦਾਸ ਸਤੋ ਵੀਹ ਦੋਹਰਿਆਂ ਦਾ ਲਿਖਿਆ ਹੈ ਅਤੇ ਇਹ ਨਾਲ ਵਿਸ਼ਵਾਸ਼ ਵੀ ਪ੍ਰਗਟਾਇਆ ਹੈ ਕਿ :

ਪਠਹਿ ਜੁ ਬੀਸੀ ਦੁਹਿਰੇ ਨਿਤ ਪ੍ਰਤੀ ਕਰ ਨੇਮੁ।
ਮਨ ਬਾਂਛਤ ਫਲ ਦੇਤਿ ਗੁਰ ਸੁਤ ਬਿਤ ਆਦਿਕ ਛੇਮ।

ਗੁਰ-ਪ੍ਰਣਾਲੀਆਂ ਦੇ ਲਿਖਾਰੀਆਂ ਨੇ ਆਪ ਜੀ ਨੂੰ 'ਭਗਤਿ ਗਿਆਨ ਕੇ ਧਾਮ' ਕਿਹਾ ਹੈ ਅਤੇ ਇਕ ਹੋਰ ਨੌਂ-ਨਿਧ ਨਾਮ ਦੇ ਕਵੀ ਨੇ ਗੁਰ ਉਪਮਾ ਵਿਚ ਸੋਹਣਾ ਕਿਹਾ ਹੈ :

ਪ੍ਰਮ ਪ੍ਰਵਾਹ ਰੂਪ ਬਾਣੀ ਬਹਾਇ ਦਈ,
ਸੰਗਤਿ ਇਸ਼ਨਾਨ ਕਰੈ ਕਾਟੈ ਲਗ ਫਾਸ ਹੈ।
ਨਉ ਨਿਧਿ ਨਿਰਵੈਰ ਰੂਪ ਪੂਰਨ ਅਪਾਰ ਅਨਿਕ,

ਭਗਤ ਤਾਰਨ ਕੋ ਆਏ ਰਾਮ ਦਾਸ ਹੈ।[2]

ਜੇ ਲਤੀਫ਼ ਨੇ ਲਿਖਿਆ ਹੈ ਕਿ ਗੁਰੂ ਰਾਮ ਦਾਸ ਜੀ ਦੇ ਸ੍ਰੀ ਅੰਮ੍ਰਿਤਸਰ ਬਣਾਉਣ ਨਾਲ ਕੌਮ ਦਾ ਭਵਿੱਸ਼ ਹੀ ਸਵਰ ਗਿਆ ਤਾਂ ਮੈਕਾਲਫ਼ ਦਾ ਕਹਿਣਾ ਸੀ ਗੁਰੂ ਰਾਮ ਦਾਸ ਜੀ ਵੇਲੇ ਸਿੱਖੀ ਚਹੁੰ ਚੁੱਕੀ ਫੈਲੀ। ਰਾਜੇ ਰੰਕ, ਸ਼ਾਹ-ਵਪਾਰੀ, ਬਾਣੀਏ-ਹਟਵਾਣੀਏ, ਵਣਜਾਰੇ ਤੇ ਫੇਰੀ ਲਗਾਉਣ ਵਾਲੇ, ਕਿਰਤੀ ਤੇ ਕਿਸਾਨ, ਦੂਰ ਤੇ ਨੇੜੇ ਸਿੱਖੀ ਦੇ ਦਾਇਰੇ ਵਿਚ ਆਏ। ਬੜੀ ਮਿਕਨਾਤੀਸੀ ਖਿੱਚ ਸੀ ਗੁਰੂ ਜੀ ਦੀ ਸ਼ਖ਼ਸੀਅਤ ਵਿੱਚ।

ਹਲੀਮ ਇਤਨੇ ਕਿ ਦਰ ਆਏ ਬਾਬਾ ਸ੍ਰੀ ਚੰਦ ਦਾ ਸਤਿਕਾਰ ਹੱਦਾਂ ਟਪਾ ਕੇ ਕੀਤਾ। ਕਰੜੇ ਇਤਨੇ ਕਿ ਦੁਸ਼ਟਾਂ, ਨਿੰਦਕਾਂ, ਦੋਖੀਆਂ, ਸਾਜ਼ਸ਼ੀਆਂ, ਸੁਆਗੀਰਾਂ, ਖ਼ੁਦਗ਼ਰਜ਼ਾਂ, ਢੀਠਾਂ, ਪਾਜੀਆਂ, ਪਾਖੰਡੀਆਂ, ਭੇਖੀਆਂ, ਭਰਮੀਆਂ, ਮਨਮਾਨਿਆਂ, ਮਨਮਸਤਿਆਂ ਨੂੰ ਖ਼ੂਬ ਸੁਣਾਈਆਂ ਅਤੇ ਰਤਾ ਵੀ ਪ੍ਰਵਾਹ ਨਾ ਕੀਤੀ।

ਜਦ ਪੁੱਤਰ ਸਾਜ਼ਿਸ਼ੀ ਹੋ ਗਿਆ ਤਾਂ ਉਸ ਨੂੰ ਵੀ ਕਿਹਾ ਜਿਸ ਧਨ ਤੇ ਬਾਹਾਂ ਦਾ ਮਾਣ ਕਰਦਾ ਹੈਂ, ਇਹਨਾਂ ਨੇ ਕਦੇ ਕਿਸੇ ਦਾ ਅੱਗੇ ਵੀ ਸਾਥ ਨਹੀਂ ਦਿੱਤਾ, ਹੁਣ ਵੀ ਨਹੀਂ ਦੇਣ ਲੱਗੇ।

ਗੁਰੂ ਗੱਦੀ ਦੀ ਪਵਿੱਤਰਤਾ ਸਿਰ 'ਤੇ ਜੋਖ਼ਮ ਸਹਾਰ ਕੇ ਵੀ ਕਾਇਮ ਰੱਖੀ, ਇਹ ਵੀ ਇਕ ਕਰਾਮਾਤ ਸੀ। 'ਪੀੜੀ' ਦਾ ਸ਼ਬਦ ਇਸ ਲਈ ਵਰਤਿਆ ਮਤਾਂ ਕਿਸੇ ਨੂੰ ਕੋਈ ਭੁਲੇਖਾ ਹੋ ਜਾਏ ਕਿ ਹੁਣ ਹੋਰ ਕੋਈ ਵਰਤਾਰਾ ਹੋਣਾ ਹੈ। ਅੱਗੇ ਹੀ ਸੇਵਕ ਨੂੰ ਹੁੰਡੀ ਤਰੀ ਤੇ ਹੁਣ ਵੀ ਸੇਵਕ ਨੂੰ ਹੀ ਪ੍ਰਾਪਤ ਹੋਵੇਗੀ। ਉਹਨਾਂ ਦੀ ਸ਼ਖ਼ਸੀਅਤ ਦੀ ਛਾਪ ਹਰ ਇਕ 'ਤੇ ਪੈਂਦੀ ਸੀ।

ਬੂਟੇ ਸ਼ਾਹ ਲਿਖਦਾ ਹੈ ਕਿ ਜਦ ਅਕਬਰ ਨੇ ਆਪ ਦੇ ਦੀਦਾਰ ਪਾਏ ਤਾਂ ਉਸ ਨੇ ਮੁਸਾਹਿਬਾਂ ਨੂੰ ਕਿਹਾ :

ਇਹ ਨੇਕ ਦਿਲ ਫ਼ਕੀਰ ਬੇਮਿਸਾਲ ਅਤੇ ਅਦੁੱਤੀ ਇਨਸਾਨ ਹੈ। ਗੱਲਾਂ ਵਿਚੋਂ ਨੇਕੀ ਅਤੇ ਲੋਕਾਂ ਲਈ ਖੈਰਖ਼ਾਹੀ ਡਲਕਦੀ ਹੈ।

ਜਦ ਪਹਿਲਾਂ ਦਰਬਾਰ ਵਿਚ ਚਰਚਾ ਹੋਈ ਸੀ ਕਿ ਕੋਈ ਅਜਿਹਾ ਖ਼ੁਦਾ ਦੋਸਤ ਹੈ ਜਿਸ ਵਿਚ ਪੂਰਨ ਭਰੋਸਾ ਪ੍ਰਭੂ 'ਤੇ ਹੋਵੇ ਤਾਂ ਦਰਬਾਰ ਵਿਚ ਹੀ ਇਕ ਬੰਦੇ ਨੇ ਕਿਹਾ ਸੀ ਤਾਂ ਗੁਰੂ ਰਾਮਦਾਸ ਐਸੇ ਹਨ ਜੋ ਪਾਸ ਕੁਝ ਨਹੀਂ ਰੱਖਦੇ।

ਗੁਰੂ ਹਰਿਗੋਬਿੰਦ ਜੀ ਨੇ ਇਕ ਸਮੇਂ ਕਿਹਾ ਸੀ ਕਿ ਗੁਰੂ ਰਾਮਦਾਸ ਜੀ ਐਸਾ ਸਰ ਅੰਮ੍ਰਿਤ ਦਾ ਦੇ ਗਏ ਹਨ 'ਜਾ ਕਿ ਦੀਦਾਰ ਤੇ ਪਾਪ ਕਟੇ, ਕਰ ਮਜਨ ਤੇ ਬਹੁ ਜੂਨ ਕਟਾਯੋ॥'

ਗ੍ਰੀਨਲੀਜ਼ ਨੇ ਗੁਰੂ ਜੀ ਨੂੰ 'ਸੇਵਾ ਦਾ ਪੁੰਜ' ਕਿਹਾ। ਗਿਆਨੀ ਗਿਆਨ ਸਿੰਘ ਜੀ ਦੇ ਲਫ਼ਜ਼ਾਂ ਵਿੱਚ 'ਛੇ ਸਾਲ ਤਾਂ ਮੁੰਡਾਸਾ ਹੀ ਸਿਰ ਤੋਂ ਨਾ ਉਤਾਰਿਆ।' ਬੜੀ ਘਾਲ ਘਾਲੀ। ਗ੍ਰੀਨਲੀਜ਼ ਨੇ ਇਹ ਵੀ ਲਿਖਿਆ ਹੈ ਕਿ ਉਹ 'ਪਿਆਰ ਦੇ ਪੈਆਮਰ'[3] ਸਨ। ਹਰ ਥਾਂ ਉਹਨਾਂ ਮਿੱਠੀ ਲੈਅ ਤੇ ਸੁੰਦਰ ਬੋਲਾਂ ਵਿਚ ਇਹ ਹੀ ਹੋਕਾ ਦਿੱਤਾ ਕਿ ਸਭ ਦਾ ਇਕੋ ਇਕ ਅਸਲ ਸਖਾਈ-ਮਿਤ੍ਰ ਨਿਰੋਲ ਪ੍ਰਭੂ ਦੀ ਭਗਤੀ ਹੈ।[4] ਬਾਣੀ ਨੂੰ ਸਮਝਣ ਤੇ ਜੀਵਨ ਵਿਚ ਢਾਲਣ ਲਈ ਉਹ ਸਦਾ ਪ੍ਰੇਰਣਾ ਕਰਦੇ ਸਨ, ਆਪਣੇ ਆਪ ਨੂੰ ਉਹ 'ਢਾਢੀ ਦਰ ਖਸਮ ਦਾ' ਕਹਿੰਦੇ ਸਨ ਤਾਂ ਹੀ ਤਾਂ ਪ੍ਰੋਫ਼ੈਸਰ ਪੂਰਨ ਸਿੰਘ ਨੇ ਕਿਹਾ ਸੀ ਕਿ ਉਹਨਾਂ ਦੀ ਬਾਣੀ ਬ੍ਰਿਹੋਂ ਉਪਜਾਂਦੀ ਹੈ ਅਤੇ ਪਿਆਰੇ ਦੇ ਦੇਸ਼ ਨੂੰ ਹੀ ਲੈ ਜਾਂਦੀ ਹੈ। ਉਹ ਬਾਣੀ ਨੂੰ 'ਪ੍ਰੀਤਾਂ ਦੀ ਵਗਦੀ ਨੈ'[5] ਕਹਿੰਦੇ ਸਨ।

ਗੁਰੂ ਰਾਮਦਾਸ ਜੀ ਦਾ ਜੀਵਨ ਬੇ-ਪ੍ਰਵਾਹੀਆਂ ਦੀਆਂ ਉਦਾਹਰਣਾਂ ਨਾਲ ਭਰਿਆ ਹੋਇਆ ਸੀ। ਸੇਠ ਜਗਤ ਰਾਮ ਨੇ ਕੈਂਠਾ ਦਿੱਤਾ, ਆਪ ਜੀ ਨੇ ਲੋੜਵੰਦ ਨੂੰ ਉਸੇ ਵੇਲੇ ਦੇ ਦਿੱਤਾ। ਇਕ ਮਾਈ ਨੇ ਚਾਅ ਨਾਲ ਮੋਤੀਆਂ ਦੀ ਮਾਲਾ ਦਿੱਤੀ। ਆਪ ਜੀ ਨੇ ਇਕ ਮੁਹਤਾਜ ਨੂੰ ਫੜਾ ਦਿੱਤੀ। ਗੁਰੂ ਅਮਰ ਦਾਸ ਜੀ ਨੇ ਇਕ ਕੀਮਤੀ ਮਾਲਾ ਦਿੱਤੀ। ਆਪ ਜੀ ਨੇ ਰਾਹ ਵਿਚ ਬੈਠੇ ਮਲੰਗ ਨੂੰ ਦੇ ਦਿੱਤੀ। ਬਾਦਸ਼ਾਹ ਨੇ ਪਿੰਡਾਂ ਦੇ ਪਟੇ ਦਿੱਤੇ, ਆਪ ਜੀ ਨੇ ਆਲੇ ਵਿਚ ਰੱਖ ਦਿੱਤੇ। ਮੁਹਰਾਂ ਭੇਟ ਕੀਤੀਆਂ ਅਕਬਰ ਨੇ, ਆਪ ਜੀ ਨੇ ਉਸੇ ਵੇਲੇ ਵੰਡਵਾ ਦਿੱਤੀਆਂ, ਧਨ ਆਇਆ ਖ਼ਰਚ ਕੀਤਾ। ਗੋਲਕ ਚੜ੍ਹੀ, ਉਸੇ ਵੇਲੇ ਲਗਾ ਦਿੱਤੀ। ਰਸਦਾਂ ਆਈਆਂ ਲੋਕਾਂ ਵਿਚ ਵਰਤਾ ਦਿੱਤੀਆਂ। ਸ਼ਹਿਰ ਵਾਸੀਆਂ ਨੂੰ ਕਿਹਾ ਕਿ ਸਭ ਕੁਝ ਹੀ ਉਹ ਸੰਭਾਲ ਲੈਣ। ਇਹ ਵੱਖਰੀ ਗੱਲ ਹੈ ਕਿ ਉਹਨਾਂ ਕਿਹਾ ਕਿ ਅਸੀਂ ਤਾਂ ਤੁਹਾਡੇ ਰਾਜ ਵਿਚ ਵੱਸਣਾ ਹੈ। ਸਾਨੂੰ ਬਰਕਤਾਂ ਦਿਓ, ਆਪ ਵੰਡਦੇ ਹੀ ਰਹੇ, ਲੋਕੀਂ ਅਨੰਦ ਮਾਣਦੇ ਰਹੇ। ਤਾਂ ਹੀ ਤਾਂ ਹਰ ਜ਼ੁਬਾਨ 'ਤੇ ਇਹ ਅਖਾਣ ਚੜ੍ਹ ਗਿਆ :

ਰਾਜ ਕਰੈ ਜਹਿਂ ਆਪ ਗੁਰੂ ਤਹਿ,
ਕਿਉ ਨ ਅਨੰਦ ਸੋ ਲੋਕ ਬਸਾਹੀਂ।

ਸਭ ਡਰ ਹੀ 'ਕੱਢ ਸੱਟ' ਦਿੱਤੇ ਅਤੇ ਗੁਰੂ ਅਰਜਨ ਦੇਵ ਜੀ ਨੇ ਇਸੇ ਲਈ ਫ਼ਰਮਾਇਆ :

ਸਾਚ ਧਰਮ ਕੀ ਕਰ ਦੀਨੀ ਵਾਰ।

ਇਤਨੇ ਪੱਕੇ ਦਰਵਾਜ਼ੇ ਗੁਰ ਗਿਆਨ ਤੇ ਵਿਚਾਰ ਦੇ ਲਗਾਏ ਕਿ ਭਰਮ, ਪਖੰਡ, ਭੇਖ ਤੇ ਰੀਤ ਹੁਣ ਅੰਦਰ ਕਿਵੇਂ ਵੜ ਸਕਦੇ ਸਨ :

ਫਰਹੇ ਮੁਹਕਮ ਗੁਰ ਗਿਆਨ ਬੀਚਾਰਿ।

ਕੈਸਾ ਸੁਤੰਤਰ ਬਣਾ ਦਿੱਤਾ 'ਗੁਰ-ਖੇਤਰ' ਦੇ ਵਾਸੀਆਂ ਨੂੰ ਕਿ ਨਾ ਉਹਨਾਂ 'ਤੇ ਕੋਈ ਜਜ਼ੀਆ ਸੀ ਅਤੇ ਨਾ ਕੋਈ ਜੁਰਮਾਨਾ ਤੇ ਨਾ ਕਿਸੇ ਨੂੰ ਜ਼ੋਰੀਂ ਜ਼ਕਾਤ ਦੇਣੀ ਪੈਂਦੀ ਸੀ-

ਜੇਜ਼ੀਆ ਡੰਨੁ ਕੋ ਲਏ ਨ ਜਗਾਤਿ।

ਸਤਿਗੁਰ ਕਰਿ ਦੀਨੀ ਧੁਰ ਕੀ ਛਾਪ।

ਪਤਾ ਨਹੀਂ ਅਖੌਤੀ ਰਾਮ ਰਾਜ ਕਿਸੇ ਡਿੱਠਾ ਹੈ ਜਾਂ ਨਾ, ਹੋਇਆ ਹੈ ਜਾਂ ਨਾ, ਪਰ ਰਾਮਦਾਸਪੁਰ ਵਿਚ ਜੋ 'ਰਾਮ ਦੇ ਦਾਸ' ਗੁਰੂ ਚੌਥੇ ਨੇ ਬਣਾਇਆ, ਉਸ ਦੀ ਉਪਮਾ ਕੌਣ ਗਾ ਸਕਦਾ ਹੈ। ਤਾਂ ਹੀ ਤਾਂ ਫ਼ਰਮਾਨ ਹੋਇਆ ਹੈ :

ਰਾਮ ਰਾਜ ਰਾਮਦਾਸ ਪੁਰਿ,

ਕੀਨੇ ਗੁਰਦੇਵ।

ਗੁਰੂ ਦਰਦਵੰਦ ਇਤਨੇ ਸਨ ਕਿ ਹਰ ਉਪਦੇਸ਼ ਦਾ ਇਕ ਅੰਸ਼ ਇਹ ਹੁੰਦਾ ਸੀ :

"ਸਿੱਖ ਦਾ ਕਾਜ ਸਵਾਰੋ, ਇਕੱਠੇ ਹੋ ਕੇ ਉਸ ਦੀ ਲੋੜ ਪੂਰੀ ਕਰੋ, ਕੁਝ ਨਹੀਂ ਕਰ ਸਕਦੇ ਤਾਂ ਅਰਦਾਸ ਜ਼ਰੂਰ ਕਰੋ ਕਿ ਉਸ ਦੇ ਕਾਰਜਾਂ ਵਿਚ ਪ੍ਰਮੇਸ਼ਰ ਬਰਕਤ ਪਾਏ। ਸਾਰੇ ਪ੍ਰਵਾਰ ਨੂੰ ਸੇਵਾ ਵਿਚ ਲਗਾਓ। ਗੁਰਦੁਆਰੇ ਬਣਾਓ ਪਰ ਐਸਾ ਗ੍ਰੰਥੀ ਰੱਖੋ ਜੋ ਆਏ ਗਏ ਦੀ ਸੇਵਾ ਕਰੇ, ਪੰਥੀ ਨੂੰ ਸੁੱਖ ਦੇਵੇ ਅਤੇ ਆਈਆਂ ਸੰਗਤਾਂ ਨੂੰ ਸ਼ਬਦ ਦੇ ਅਰਥ ਭਾਵ ਸਮਝਾਏ।"

ਸਦਾ ਕਹਿੰਦੇ ਸਨ ਕਿ ਘਰਬਾਰੀ ਜੀਵਨ ਸਭ ਤੋਂ ਉੱਤਮ ਹੈ। ਜਨਮ, ਕੁੜਮਾਈ, ਵਿਆਹ, ਕਾਰਜ ਆਰੰਭ ਅਤੇ ਮੌਤ ਦੀਆਂ ਮਰਯਾਦਾਵਾਂ ਨੂੰ ਪੂਰਨ ਰੂਪ ਵੀ ਆਪ ਜੀ ਨੇ ਹੀ ਦਿੱਤਾ। ਪਾਰਬ੍ਰਹਮ ਦਾ ਪੰਥ ਪੂਰਨ ਕਰ ਦਿੱਤਾ ਅਤੇ ਜਦ ਗੁਰੂ ਅਰਜਨ ਦੇਵ ਜੀ ਨੇ ਡਿੱਠਾ ਕਿ ਪੰਥ ਜਗਤ ਵਿਚ ਪ੍ਰਗਟ ਹੋ ਗਿਆ ਹੈ ਤਾਂ ਗੁਰੂ ਗ੍ਰੰਥ ਸਾਹਿਬ ਦੀ ਬੀੜ ਬੰਨ੍ਹ ਕੇ ਸਦਾ ਲਈ ਅਗਵਾਈ ਬਖ਼ਸ਼ ਦਿੱਤੀ। ਬੜੇ ਭਾਵ ਪੂਰਤ ਸ਼ਬਦ ਮਹਿਮਾ ਪ੍ਰਕਾਸ਼ ਦੇ ਹਨ :

ਇਕ ਦਿਵਸ ਪ੍ਰਭੁ ਪ੍ਰਾਤਹ ਕਾਲ।

ਦਇਆ ਭਰੇ ਪ੍ਰਭ ਦੀਨ ਦਿਆਲ।

ਯਹ ਮਨ ਉਪਜੀ ਪ੍ਰਗਟਯੋ ਜਗ ਪੰਥ।

ਤਿਹ ਕਾਰਨ ਕੀਜੈ ਅਬ ਗ੍ਰੰਥ।੧।[6]

ਇਕ ਪ੍ਰਭੂ, ਇਕ ਗੁਰ, ਇਕ ਸ਼ਬਦ, ਇਕ ਵਿਚਾਰ, ਇਕ ਵਿਰਸਾ, ਇਕ ਕੇਂਦਰ ਮਿਲਣ ਨਾਲ ਕੌਮ ਇਕ ਦੂਜੇ ਨਾਲ ਜੁੜ ਗਈ। ਇਕ ਵਿਰਸਾ ਕਾਇਮ ਰੱਖਣ ਲਈ ਇਤਿਹਾਸ ਦੀ ਸੰਭਾਲ ਕੀਤੀ।

ਰਾਗਾਂ ਦੇ ਆਪ ਮਾਹਰ ਸਨ। ੩੦ ਰਾਗ ਗਾਏ। ਸੁਆਦ ਕੀਰਤਨ ਰਾਹੀਂ ਹੀ ਵੰਡਦੇ ਸਨ। ਰਾਗਾਂ ਵਿਚੋਂ ਅਗੋਂ ਸੁਧੰਗ, ਪੜਤਾਲ, ਕਾਫ਼ੀ, ਮੰਗਲ, ਜਤਿ ਤੇ ਮਿਸਤ ਰਾਗ ਗਾਉਣ ਦੀ ਪਰਪਾਟੀ ਵੀ ਆਪ ਜੀ ਨੇ ਹੀ ਚਲਾਈ। ਚੱਲਤ ਰੀਤੀਆਂ ਵਿੱਚ ਵੀ ਆਪ ਜੀ ਨੇ ਹੀ ਬਾਣੀ ਲਿਖੀ। ਵਣਜਾਰਾ, ਕਰਹਲੇ, ਘੋੜੀਆਂ, ਸੋਲਹੇ ਅਤੇ ਅਨੇਕਾਂ ਕਿਸਮ ਦੇ ਛੰਦ ਆਪ ਜੀ ਨੇ ਗਾਏ। ਮੂਲ ਵਿੱਚ ਉਹ ਢਾਢੀ ਸਨ। ਅੱਠ ਵਾਰਾਂ ਗਾਈਆਂ। ਵਾਰਾਂ ਵਿਚ ਯੁੱਧ ਵਰਣਨ ਹੁੰਦਾ ਹੈ। ਸੂਰਮੇ ਦੀ ਜਿੱਤ ਵਿਖਾਈਦੀ ਹੈ ਅਤੇ ਕਾਇਰ ਦੀ ਹਾਰ। ਇਥੇ ਵਾਰਾਂ ਵਿਚ ਗੁਰੂ ਸੂਰਮੇ ਦੀ ਜਿੱਤ ਦੱਸੀ। ਨਿੰਦਕਾਂ, ਦੋਖੀਆਂ, ਦੁਸ਼ਟਾਂ ਤੇ ਚੁਗਲਖੋਰਾਂ ਦੀ ਹਾਰ ਹੁੰਦੀ ਦਿਖਾਈ। ਗੁਰਮੁੱਖ ਜਿਤੇ ਮਨਮੁਖਿ ਹਾਰੇ ਹੋਏ ਦਿਖਾਏ। ਆਸਾ ਦੀ ਵਾਰ ਦਾ ਜੋ ਅੱਜ ਸਰੂਪ ਹੈ, ਉਹ ਵੀ ਆਪ ਜੀ ਨੇ ਹੀ ਦਿੱਤਾ। ਸਭ ਤੋਂ ਵੱਡੀ ਗੱਲ 'ਜਪ' ਸੰਗ੍ਰਹਿ ਕਰ ੧ਓ ਦਾ ਜਪ ਕਰਨ ਦੀ ਜਾਚ ਸਿਖਲਾਈ।

ਸ਼ਬਦਾਂ ਦੇ ਉਹ ਘਾੜੇ ਸਨ। ਐਸੇ ਸ਼ਿਲਪੀ ਕਿ ਜਿੱਥੇ ਚਾਹੁਣ ਸ਼ਬਦ ਨੂੰ ਘੜ ਕੇ ਲਗਾ ਲੈਣ। ਜੌਹਰੀ ਅਜਿਹੇ ਕਿ ਨਗ ਵਾਂਗੂੰ ਜੜ ਦੇਣ। ਜਿਵੇਂ ਗੱਲ ਤੋਂ ਗਲਾਦੇ, ਚੇਟਕ ਤੋਂ ਚੇਟਕਈਆਂ, ਬੇਗ ਤੋਂ ਬੇਗਾਲੀ, ਮਹਲ ਕੁਮਹਲ ਅਤੇ ਅਨੇਕਾਂ ਹੋਰ। ਕੁਝ ਕੁ ਤੇ ਸ਼ਬਦ ਹੀ ਅਜਿਹੇ ਹਨ ਜੋ ਕੇਵਲ ਉਹਨਾਂ ਹੀ ਵਰਤੇ ਹਨ। ਜਿਵੇਂ ਜਾਹਰਨਵੀ, ਕੁਵਲੀਅਪੀੜ, ਖੁਦਿਆਵੰਤ, ਉਮਰਥਲ, ਸੁਆਵਗੀਰ ਅਤੇ ਗਲ-ਫਰੋਸ਼। ਸ਼ਬਦਾਂ ਅਤੇ ਸਲੋਕਾਂ ਦਾ ਵਹਾ ਐਸਾ ਰੱਖਿਆ ਕਿ ਮਨੁੱਖ ਪਦੇ-ਪਦੇ ਵਿਚ ਹੀ ਲੀਨ ਹੋ ਜਾਏ। ਗੱਲ ਥੋੜੀ ਕਹਿਣੀ ਹੋਵੇ ਜਾਂ ਵਿਆਖਿਆ ਸਹਿਤ ਕਰਨੀ ਹੋਵੇ, ਆਪ ਜੀ ਨੁਕਤੇ ਤੋਂ ਪਿਛਾਂਹ ਨਾ ਹੱਟਦੇ। ਉਹਨਾਂ ਦੀਆਂ ਅਨੇਕਾਂ ਤੁਕਾਂ ਆਪ ਹੀ ਮੂੰਹ 'ਤੇ ਚੜ੍ਹ ਜਾਂਦੀਆਂ ਹਨ ਅਤੇ ਅਨੇਕਾਂ ਬਾਰ-ਬਾਰ ਦੁਹਰਾਉਣ 'ਤੇ ਚਿੱਤ ਕਰਦਾ ਹੈ। ਅਨੇਕਾਂ ਵਿਚ ਅਟੱਲ ਸਚਾਈਆਂ ਹਨ ਜੋ ਸਾਡੇ ਜੀਵਾਂ ਦੀ ਅਗਵਾਈ ਕਰਦੀਆਂ ਹਨ। ਅਨੇਕਾਂ ਤੁਕਾਂ ਐਸੀਆਂ ਹਨ ਜੋ ਭੀੜ ਵੇਲੇ ਤਸੱਲੀ ਤੇ ਉਤਸ਼ਾਹ ਵੇਲੇ ਸੰਜਮ ਵਿਚ ਲੈ ਜਾਂਦੀਆਂ ਹਨ। ਕੁਝ ਕੁ ਤੁਕਾਂ ਦੇ ਇਥੇ ਦਰਜ ਕਰਨ ਨਾਲ ਗੁਰੂ ਰਾਮ ਦਾਸ ਜੀ ਦੀ ਸਮੁੱਚੀ ਸ਼ਖ਼ਸੀਅਤ ਤੇ ਆਭਾ 'ਤੇ ਵੀ ਨਵੀਂ ਝਾਤ ਪਵੇਗੀ :

- ਮਨ ਹਠਿ ਕਿਨੈ ਨ ਪਾਇਆ
- ਮਨ ਕੋਰੈ ਰੰਗ ਨ ਹੋਇ
- ਓਨਾ ਪਾਸਿ ਦੁਆਸਿ ਨ ਭਿਟੀਐ
ਜਿਨ ਅੰਤਰਿ ਕ੍ਰੋਧ ਚੰਡਾਲ॥
- ਸਤਿਗੁਰੂ ਪੁਰਖ ਅੰਮ੍ਰਿਤ ਸਰੁ
- ਮਨਮੁਖ ਲੋਹੁ ਬੂ ਬੇੜੀ ਪਾਸ[7]

– ਓਹ ਬੇਪਰਵਾਹ ਨ ਬੋਲਣੀ
– ਲਾਵੈ ਮਾਤ ਪਿਤਾ ਸਦਾ ਗਲ ਸੇਤੀ
ਮਨਿ ਜਾਣੈ ਖਟਿ ਖਵਾਏ।[8]

.................................................

– ਜਿਉ ਓਡਾ ਕੂਪੁ ਗੁਹਜ ਖਿਨ ਕਾਢੈ
ਤਿਉ ਸਤਿਗੁਰਿ ਵਸਤੁ ਲਹਾਈਐ ॥
– ਆਤਮ ਜੋਤਿ ਭਈ ਪਰਫੂਲਿਤ
ਪੁਰਖੁ ਨਿਰੰਜਨੁ ਦੇਖਿਆ ਹਜੂਰਿ ॥
– ਗੁਰਮੁਖਿ ਹਿਰਦੈ ਸ਼ਾਂਤਿ ਹੈ
ਨਾਉ ਉਗਵਿ ਆਇਆ ।
– ਗੁਰਿ ਡੀਠੈ ਗੁਰ ਕਾ ਸਿਖੁ ਬਿਗਸੈ ॥
– ਹਰਿ ਕਾ ਚਿਹਨੁ ਸੋਈ ਹਰਿਜਨ ਕਾ
– ਜਾਹਰਨਵੀ ਤਪੈ ਭਗੀਰਥਿ ਆਣੀ ॥
– ਜਿਤਨੀ ਸ੍ਰਿਸਟਿ ਤੁਮਰੀ ਮੇਰੇ ਸੁਆਮੀ
ਸਭ ਤਿਤਨੀ ਲੋਚੈ ਧੂਰਿ ਸਾਧੂ ਕੀ ਤਾਈ
– ਗੁਰ ਗਿਆਨ ਲਾਇ ਜਗਾਵੋਗੇ
– ਮੇਰਾ ਮਨੁ ਸਾਧ ਜਨਾਂ ਮਿਲਿ ਹਰਿਆ
– ਹਉ ਢੂੰਢੇਦੀ ਸਜਣਾ ਸਜਣੁ ਮੈਡੇ ਨਾਲਿ ॥
– ਆਪਨ ਸੁਆਇ ਕਰਹਿ ਬਹੁ ਬਾਤਾ
ਤਿਨਾ ਕਾ ਵਿਸਾਹੁ ਕਿਆ ਕੀਜੈ ॥
– ਹਰਿ ਜਨ ਗੁਨ ਗਾਵਤ ਹਸਿਆ
– ਹਰਿ ਜਨ ਸੋਭਾ ਸਭ ਜਗ ਊਪਰਿ
ਜਿਉ ਵਿਚਿ ਉਡਵਾ ਸਸਿ ਕੀਕ ॥[9]

ਗੁਰੂ ਰਾਮ ਦਾਸ ਜੀ ਬਾਰੇ ਭਾਈ ਨੰਦ ਲਾਲ ਜੀ ਨੇ ਗੰਜਨਾਮਾ ਵਿਚ ਖ਼ੂਬ ਲਿਖਿਆ ਹੈ ਕਿ ਉਹ ਰੱਬੀ ਫ਼ਰਿਸ਼ਤਿਆਂ ਦੀਆਂ ਚੌਹਾਂ ਹੀ ਸ਼੍ਰੇਣੀਆਂ ਦੇ ਰੁਤਬੇ ਤੋਂ ਉਚੇਰੇ ਸਨ।[10] ਜਿਸ ਵੀ ਗੁਰੂ ਰਾਮ ਦਾਸ ਜੀ ਨੂੰ ਸਿਮਰਿਆ ਉਸ ਦੀ ਮੈਲ ਝੜ ਗਈ।

ਫਿਰ ਨਾਮ ਦੇ ਹਿਜੇ (ਰਾਮਦਾਸ) ਲੈ ਕੇ ਹਰ ਅੱਖਰ ਦਾ ਭਾਵ ਲੈਂਦੇ ਹੋਏ ਕਿਹਾ ਹੈ। 'ਰੇ' ਐਸੀ ਹੈ ਜੋ ਹਰ ਇਕ ਨੂੰ ਜਿਸਮ ਵਿਚ ਆਤਮਾ ਦਿਖਲਾ ਦੇਂਦੀ ਹੈ। ਸਰੀਰ ਦਾ ਖ਼ਿਆਲ ਗੁਰੂ ਕੋਲ ਗਿਆਂ ਹਟ ਜਾਂਦਾ ਹੈ। ਜੋ ਉਹਨਾਂ ਦੇ ਨਾਮ ਵਿੱਚ 'ਅਲਫ਼' ਹੈ, ਉਹ ਪ੍ਰੇਰਦੀ ਰਹਿੰਦੀ ਹੈ ਕਿ ਉਚੇਰੇ ਪਾਸੇ ਜਾਓ। ਨੀਵੀਂ ਬਾਤ ਨਾ ਕਰੋ। 'ਮੀਮ' ਇਹ ਦਰਸਾਂਦੀ ਰਹਿੰਦੀ ਹੈ ਕਿ ਗੁਰੂ ਜੀ ਮਿਹਰਾਂ ਦੇ ਭੰਡਾਰ ਹਨ, ਮਿਹਰ ਦਾਤਾ ਹਨ। 'ਦਾਲ' ਤੇ ਫਿਰ 'ਅਲਫ਼' ਇਹ ਕਹਿ ਰਹੀ ਹੈ ਕਿ ਉਹ ਆਪੂੰ ਸਦਾ ਰੱਬ ਨਾਲ ਜੁੜੇ ਹੋਏ ਹਨ ਤੇ ਜੋ ਉਹਨਾਂ ਪਾਸ ਗਿਆ ਉਸ ਨੂੰ ਵੀ ਜੋੜ ਦੇਂਦੇ ਹਨ ਅਤੇ ਆਖ਼ਰੀ 'ਸੀਨ' ਪ੍ਰਗਟ ਕਰ ਰਹੀ ਹੈ ਕਿ ਜੋ ਵੀ ਕੋਈ ਉਜੜਿਆ ਥੁੜ੍ਹਿਆ ਮੁਹਤਾਜ ਉਹਨਾਂ ਦੇ ਦਰ 'ਤੇ ਗਿਆ, ਵਿਸ਼ਵਾਸ਼ ਦਾ ਖ਼ਜ਼ਾਨਾ ਲੈ ਕੇ ਮੁੜਿਆ। ਉਹ ਹਲਤ ਪਲਤ ਸਵਾਰਨ ਵਾਲੇ ਹਨ।[11]

ਭਾਈ ਨੰਦ ਲਾਲ ਜੀ ਕਹਿੰਦੇ ਹਨ ਕਿ ਉਹ ਰਾਜ ਤੇ ਜੋਗ ਦੋਵਾਂ ਦੇ ਚਿੰਨ੍ਹ ਹਨ :

ਹਮ ਅਜ਼ ਸਲਤਨਤ,
ਹਮ ਅਜ਼ ਫੁਕਰਸ਼ ਨਿਸ਼ਾਂ।

ਬਾਦਸ਼ਾਹਾਂ ਦੇ ਬਾਦਸ਼ਾਹ ਹਨ। ਉਹਨਾਂ ਦੇ ਬਚਨਾਂ ਤੋਂ ਗਿਆਨ ਦੇ ਮੋਤੀ ਕਿਰਦੇ ਹਨ। ਹਰ ਕੋਈ ਨਿੱਕਾ ਵੱਡਾ, ਅਮੀਰ-ਗ਼ਰੀਬ, ਰਾਜਾ-ਰੰਕ ਉਹਨਾਂ ਨੂੰ ਸਿਜਦਾ ਕਰਦਾ ਹੈ।

ਸਮੁੱਚੇ ਜੀਵਨ ਅਤੇ ਸ਼ਖ਼ਸੀਅਤ 'ਤੇ ਝਾਤ ਮਾਰਿਆਂ ਇਹ ਪ੍ਰਗਟ ਹੋ ਜਾਂਦਾ ਹੈ ਕਿ ਉਹ ਸ਼੍ਰੇਸ਼ਟ-ਜਨ ਸਨ। ਪੂਰਨ ਪੁਰਖ ਸਨ। ਡੂੰਘੀ ਮਤਿ ਵਾਲੇ ਸਨ। ਪਾਸ ਬੈਠਿਆਂ ਇੰਜ ਲੱਗਦਾ ਸੀ ਜਿਵੇਂ ਇਸ਼ਨਾਨ ਹੋ ਰਿਹਾ ਹੈ। ਸਮਦ੍ਰਿਸ਼ਟੀ ਵਾਲੇ ਸਨ। ਸਦਾ ਨਿਰਵੈਰ ਪਰ ਨਿਰਭੈ ਸਨ। ਮਨ ਸਦਾ ਜਾਗਿਆ ਰਹਿੰਦਾ ਸੀ। ਹਿਰਦਾ ਖਿੜਿਆ। ਪੰਜੇ ਵੱਸ ਸਨ। ਬ੍ਰਿਤੀ ਇਕ ਰਸ ਸੀ। ਸੰਜਮੀ ਅਤਿ ਦੇ ਵਰਤਾਰਾ ਸੰਤੋਖੀ। ਬਾਤ ਸਤਿ ਵਾਲੀ, ਸੁਭਾਅ ਅਤਿ ਮਿੱਠਾ। ਚਿੱਤ ਅਡੋਲ। ਧਰਮ-ਸਰੂਪ। ਹੰਕਾਰੀਆਂ ਦਾ ਮਾਨ ਤੋੜਨ ਵਾਲੇ। ਗਹਿਰ ਗੰਭੀਰ। ਸਹਜ ਸੁਭਾਇ ਅੰਦਰ ਦਾ ਚਾਨਣ ਦੇ ਕੇ ਮੋਹ ਨੂੰ ਮਲ ਦੇਂਦੇ। ਗੱਲ ਕੀ ਗੁਣਾਂ ਦਾ ਕੋਈ ਅਥਾਹ ਨਹੀਂ ਸੀ।

ਅੰਤ ਵਿੱਚ ਇਹ ਹੀ ਕਹਿਣਾ ਹੈ ਜੋ ਭੱਟ ਨਲ੍ਯ ਨੇ ਕਿਹਾ ਕਿ ਜਿਸ ਨੂੰ ਗੁਰੂ ਰਾਮ ਦਾਸ ਜੀ ਸੋਝੀ ਦੇ ਦੇਣ, ਉਹ ਧਨੀ ਧਨ ਦਾ ਹੰਕਾਰ ਨਹੀਂ ਕਰਦਾ, ਜਿਸ ਵੱਲ ਦਇਆ ਦ੍ਰਿਸ਼ਟੀ ਗੁਰੂ ਰਾਮ ਦਾਸ ਜੀ ਦੀ ਹੋ ਜਾਵੇ, ਲੱਖਾਂ ਫ਼ੌਜਾਂ ਉਸ ਦਾ ਕੁਝ ਨਹੀਂ ਵਿਗਾੜ ਸਕਦੀਆਂ। ਜਿਸ ਨੂੰ ਗੁਰੂ ਰਾਮ ਦਾਸ ਜੀ ਲਾਗ ਲਗਾ ਦੇਣ, ਉਹ ਪ੍ਰਭੂ ਤੋਂ ਸਿਵਾਏ ਹੋਰ ਕਿਸੇ ਨਾਲ ਪਿਆਰ ਨਹੀਂ ਕਰਦਾ। ਜਿਸ ਨੂੰ ਗੁਰੂ ਜੀ ਸਮਝਾ ਦੇਣ ਉਸ ਦੇ ਹਿਰਦੇ ਸ਼ਬਦ ਸਾਖਿਆਤ ਹੋ ਜਾਂਦਾ ਹੈ ਤੇ ਉਹ ਹਰੀ ਦੇ ਘਰ ਟਿਕ ਜਾਂਦਾ ਹੈ :

ਜਾਮਿ ਗੁਰੂ ਹੋਇ ਵਲਿ, ਧਨਹਿ ਕਿਆ ਗਾਰਵੁ ਦਿਜਇ॥
ਜਾਮਿ ਗੁਰੂ ਹੋਇ ਵਲਿ, ਲਖ ਬਾਹੇ ਕਿਆ ਕਿਜਇ ॥
ਜਾਮਿ ਗੁਰੂ ਹੋਇ ਵਲਿ, ਗਿਆਨ ਅਰੁ ਧਿਆਨ ਅਨਨ ਪਰਿ॥
ਜਾਮਿ ਗੁਰੂ ਹੋਇ ਵਲਿ, ਸਬਦੁ ਸਾਖੀ ਸੁ ਸਚਹ ਘਰਿ ॥

**ਬਾਕੀ ਸਫ਼ਾ ਨੰ 21 'ਤੇ**

# ਪੂਰਨੁ ਸੋਈ ਸੰਤੁ



**ਦਤਾਰ ਸਿੰਘ**
**96529-82268**

ਗੁਰਬਾਣੀ ਅਨੁਸਾਰ ਮਨੁੱਖ ਦੇ ਜੀਵਨ ਵਿਚ ਸੰਤ ਦੀ ਭੂਮਿਕਾ ਬਹੁਤ ਅਹਿਮ ਹੈ। ਸਾਧ, ਬ੍ਰਹਮ ਗਿਆਨੀ, ਫ਼ਕੀਰ, ਦਰਵੇਸ਼ ਆਦਿਕ 'ਸੰਤ' ਸ਼ਬਦ ਦੇ ਸਮ ਅਰਥ ਹੀ ਹਨ। ਭਾਰਤ ਦੇ ਹਰ ਪਿੰਡ ਸ਼ਹਿਰ ਕੋਨੇ ਨੂੰ ਰਿਖੀਆਂ, ਮੁਨੀਆਂ, ਸੰਤਾਂ, ਮਹਾਪੁਰਸ਼ਾਂ ਨੇ ਆਪਣੀ ਚਰਨ ਛੋਹ ਬਖ਼ਸ਼ੀ ਹੈ।

ਭਾਰਤ ਵਿੱਚ ਹਰ ਪ੍ਰਕਾਰ ਦਾ ਵਖਰੇਵਾਂ ਮੌਜੂਦ ਹੈ। ਵੱਖੋ-ਵੱਖ ਭਾਸ਼ਾਵਾਂ, ਰੀਤੀ-ਰਿਵਾਜ, ਫ਼ਿਰਕੇ ਸਹਿਜੇ ਹੀ ਨਜ਼ਰੀਂ ਪੈਂਦੇ ਹਨ। ਏਨੀਆਂ ਅਨੇਕਤਾਵਾਂ ਹੋਣ ਦੇ ਐਲਾਨ ਦੇ ਬਾਵਜੂਦ ਭਾਰਤੀ ਏਕਤਾ ਦੇ ਸੂਤਰ ਵਿੱਚ ਪਰੋਏ ਨਜ਼ਰੀਂ ਪੈਂਦੇ ਹਨ। ਏਕਤਾ ਨੂੰ ਬਰਕਰਾਰ ਰੱਖਣ ਵਿਚ ਵੱਡਾ ਯੋਗਦਾਨ ਸੰਤਾਂ-ਮਹਾਂ ਪੁਰਖਾਂ ਦਾ ਹੈ।

ਸੰਤ ਕੇਵਲ ਕਿਸੇ ਸੰਗਠਨ ਵਿਸ਼ੇਸ਼, ਵਿਅਕਤੀ ਵਿਸ਼ੇਸ਼ ਜਾਂ ਕਿਸੇ ਇਕ ਦੇਸ਼ ਦਾ ਨਹੀਂ ਹੁੰਦਾ। ਸਗੋਂ ਸੰਤ ਤਾਂ ਪੂਰੇ ਬ੍ਰਹਿਮੰਡ ਨੂੰ ਧਾਰਨ ਦੀ ਸਮਰੱਥਾ ਰੱਖਦਾ ਹੈ।

ਪਰ ਅਜੋਕੇ ਸਮੇਂ ਵਿੱਚ 'ਸੰਤ' ਸ਼ਬਦ ਨੂੰ ਮਖੌਲ ਵਜੋਂ ਵਰਤਿਆ ਜਾ ਰਿਹਾ ਹੈ। ਨਿਕੰਮੇ ਅਤੇ ਬੇਰੁਜ਼ਗਾਰ ਵਿਅਕਤੀ ਨੂੰ ਸਾਧ ਬਣਨ ਲਈ ਜਾਂ ਕਿਸੇ ਡੇਰੇ ਬੈਠਣ ਦੀ ਸਲਾਹ ਦੇਣੀ, ਅਸੀਂ ਆਮ ਸੁਣਦੇ ਹਾਂ। ਸੁਸਤ ਬੁੱਧੀ ਵਾਲੇ ਨੂੰ ਵੀ ਕਿਹਾ ਜਾਂਦਾ ਹੈ, ਅਖੇ ਇਹ ਤਾਂ ਸਾਧ ਹੈ।

ਆਪਣੇ ਨਾਮ ਅੱਗੇ 'ਸੰਤ' ਸ਼ਬਦ ਅਜਿਹੇ ਵਿਅਕਤੀਆਂ ਵੱਲੋਂ ਵੀ ਲਗਾਇਆ ਜਾ ਰਿਹਾ ਹੈ, ਜੋ ਅਧਿਆਤਮਿਕਵਾਦ ਦਾ ੳ, ਅ ਵੀ ਨਹੀਂ ਜਾਣਦੇ।

ਪਰ ਇਹ 'ਸੰਤ' ਸ਼ਬਦ ਦੀ ਤੌਹੀਨ ਹੈ। ਅਜਿਹੇ ਮਨੁੱਖ ਪਰਮਾਤਮਾ ਦੀ ਕਿਰਪਾ-ਦ੍ਰਿਸ਼ਟੀ ਤੋਂ ਸੱਖਣੇ ਰਹਿਣਗੇ।

**ਸੰਤ ਕੌਣ ਹੈ ?**

ਸੰਤ ਦੀ ਪਰਿਭਾਸ਼ਾ ਵੀ ਉੱਚ ਅਵਸਥਾ ਵਾਲੀ ਪਵਿੱਤਰ ਆਤਮਾ ਹੀ ਦੇ ਸਕਦੀ ਹੈ।

ਪਵਿੱਤਰ ਆਤਮਾਵਾਂ ਦੇ ਬਚਨਾਂ ਤੋਂ ਸਮਝਣ ਦਾ ਯਤਨ ਕਰੀਏ ਸੰਤ ਕੌਣ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ-

**ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾ ਮਨਿ ਮੰਤੁ ॥**
**ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ ॥**

(ਅੰਗ 320)

ਪੰਚਮ ਪਾਤਸ਼ਾਹ ਨੇ ਸਪੱਸ਼ਟ ਬਚਨ ਕੀਤਾ ਹੈ, ਜੋ ਮਨੁੱਖ ਹਰ ਸਾਹ ਲੈਂਦਿਆਂ, ਹਰੀ ਦਾ ਨਾਮ ਨਹੀਂ ਭੁੱਲਦਾ। ਉਹ ਮਨੁੱਖ ਸੰਤ ਵੀ ਹੈ ਅਤੇ ਧੰਨਤਾ ਯੋਗ ਵੀ।

ਧਰਮ ਦੇ ਮਾਰਗ 'ਤੇ ਚੱਲਣ ਵਾਲਾ ਮਨੁੱਖ ਸੰਤ ਹੈ। ਜੋ ਆਪ ਵੀ ਧਰਮੀ ਬਣਦਾ ਹੈ ਅਤੇ ਦੂਸਰਿਆਂ ਨੂੰ ਧਰਮੀ ਬਣਾਉਂਦਾ ਹੈ।

ਇੱਥੇ ਸਭ ਤੋਂ ਵੱਡਾ ਸੁਆਲ ਹੈ। ਕਿਹੜਾ ਧਰਮ ? ਜਾਂ ਧਰਮ ਕੀ ਹੈ ?

ਧਰਮ ਦਾ ਨਾਮ ਲੈਂਦਿਆਂ ਹੀ ਸਾਡੇ ਬਹੁਤੇ ਲੋਕਾਂ ਦੇ ਮਨ ਵਿਚ ਹਿੰਦੂ, ਮੁਸਲਮਾਨ, ਸਿੱਖ, ਇਸਾਈ, ਯਹੂਦੀ, ਬੋਧੀ, ਜੈਨੀ ਆਦਿਕ ਸ਼ਬਦ ਘੁੰਮਦੇ ਹਨ। ਇਨ੍ਹਾਂ ਸੰਗਠਨਾਂ ਦੇ ਵੀ ਅੱਗੇ ਅਣਗਿਣਤ ਫਿਰਕੇ ਹਨ।

ਪਰ ਇਹ ਸਾਰੇ ਨਾਮ ਵਿਚਾਰਧਾਰਾਵਾਂ ਅਤੇ ਮੱਤਾਂ ਦੇ ਹਨ। ਹਰ ਮਨੁੱਖ ਲਈ ਧਰਮ ਇਕ ਹੀ ਹੈ। ਜਿਸ ਧਰਮ ਦੇ ਦਸ ਅੰਗ ਹਨ।

**ਧ੍ਰਿਤਿ ਕਸ਼ਮਾ ਦਮੋ ਸਤੇਯ ਸ਼ੋਚ ਮਿਨਿਦਰਯ ਨਿਗ੍ਰਹ: ॥**
**ਧੀਰਿਵਦਯਾ ਸਤਯਮਕ੍ਰੋਧੋ ਦਸ਼ਕੰ ਧਰਮ ਲਕਸ਼ਣਮ੍ ॥**

(ਧਰਿਜ, ਖਿਮਾ, ਮਨ ਦਾ ਕਾਬੂ ਵਿਚ ਹੋਣਾ, ਪਵਿੱਤ੍ਰਤਾ, ਨਿਰਮਲ ਬੁੱਧੀ, ਚੋਰੀ ਦਾ ਤਿਆਗ, ਸੱਚੇ, ਕ੍ਰੋਧ ਰਹਿਤ, ਇੰਦਰੀਆਂ ਨੂੰ ਵਿਕਾਰਾਂ ਤੋਂ ਮੁਕਤ ਕਰਨਾ ਅਤੇ ਨਿੱਤ ਵਿੱਦਿਆ ਦਾ ਅਭਿਆਸ ਕਰਨਾ।)

ਧਰਮ ਦੀ ਅਜਿਹੀ ਹੀ ਪਰਿਭਾਸ਼ਾ ਸਾਰਕੁਤਾਵਲੀ ਦੇ ਕਰਤਾ ਨੇ ਵੀ ਦਿੱਤੀ ਹੈ-

**ਖਿਮਾ ਅਹਿੰਸਾ ਦਯਾ ਮ੍ਰਿਦ ਸਤਿਬਚਨ ਤਪ ਦਾਨ ॥**
**ਸੀਲ ਸੌਚ ਤ੍ਰਿਸ਼ਨਾ ਬਿਨਾ ਧਰਮ ਲਿੰਗ ਦਸ ਜਾਨ ॥**

ਇਨ੍ਹਾਂ ਦਸ ਗੁਣਾਂ ਦੇ ਧਾਰਨੀ ਮਨੁੱਖ ਨੂੰ ਹੀ ਧਰਮੀ ਕਿਹਾ ਜਾ ਸਕਦਾ ਹੈ। ਇਹ ਦਸ ਗੁਣ ਧਾਰਨ ਤੋਂ ਬਾਅਦ ਹੀ

ਕੋਈ ਮਨੁੱਖ ਚੰਗਾ ਹਿੰਦੂ, ਚੰਗਾ ਸਿੱਖ, ਚੰਗਾ ਮੁਸਲਮਾਨ ਆਦਿਕ ਬਣ ਸਕਦਾ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਮੱਕੇ ਵਿਖੇ ਹਾਜੀਆਂ ਵੱਲੋਂ ਪ੍ਰਸ਼ਨ ਕੀਤਾ ਗਿਆ-

**ਪੁਛਨਿ ਫੋਲਿ ਕਿਤਾਬ ਨੋ ਹਿੰਦੂ ਵਡਾ ਕਿ ਮੁਸਲਮਾਨੋਈ?**

(ਭਾਈ ਗੁਰਦਾਸ ਜੀ)

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਵਾਬ ਦਿੱਤਾ-

**ਬਾਬਾ ਆਖੇ ਹਾਜੀਆ ਸੁਭ ਅਮਲਾ ਬਾਝਹੁ ਦੋਨੋ ਰੋਈ॥**

ਚੰਗੇ ਗੁਣ ਧਾਰਨ ਕਰਨ ਤੋਂ ਬਿਨਾਂ ਦੋਨਾਂ (ਹਿੰਦੂ, ਮੁਸਲਮਾਨ) ਨੂੰ ਰੋਣਾ (ਭਟਕਣਾ) ਪਵੇਗਾ।

ਚੰਗਾ ਹਿੰਦੂ ਜਾਂ ਮੁਸਲਮਾਨ ਬਣਨ ਲਈ ਚੰਗੇ ਗੁਣ ਧਾਰਨ ਕਰਨੇ ਪੈਣਗੇ। ਅਧਿਆਤਮਕ ਜੀਵਨ ਜਿਉਣ ਲਈ ਇਹ ਦਸ ਗੁਣਾਂ ਨਾਲ ਵਾਕਫ਼ੀਆਤ ਵੀ ਜ਼ਰੂਰੀ ਹੈ। ਜਿਵੇਂ ਕੋਈ ਭਾਸ਼ਾ ਪੜ੍ਹਨੀ-ਲਿਖਣੀ ਤਾਂ ਹੀ ਆ ਸਕਦੀ ਹੈ, ਜੇ ਕਰ ਉਸ ਭਾਸ਼ਾ ਦੀ ਵਰਣਮਾਲਾ ਨਾਲ ਵਾਕਫ਼ੀਅਤ ਹੋਵੇ। ਸਿਰਫ਼ ਬਾਹਰੀ ਪਹਿਰਾਵਾ ਪਾਉਣ ਨਾਲ ਹੀ ਧਰਮੀ ਨਹੀਂ ਬਣ ਸਕੀਦਾ। ਕੋਈ ਸਾਧਾਂ ਜਾਂ ਜੋਗੀਆਂ ਵਾਲੇ ਬਸਤਰ ਪਾ ਕੇ ਵੀ ਸੰਤ, ਜੋਗੀ ਨਹੀਂ ਬਣ ਸਕਦਾ। ਜੇਕਰ ਮਨੁੱਖ ਦਾ ਮਨ ਉੱਚ ਅਵਸਥਾ 'ਤੇ ਨਹੀਂ ਪੁੱਜਾ।

ਸੰਤ ਦਾ ਸੁਭਾਅ ਹਮੇਸ਼ਾਂ ਚੰਗਿਆਈ ਵੰਡਣ ਵਾਲਾ ਹੁੰਦਾ ਹੈ। ਸੰਤ ਦਾ ਸੁਭਾਅ ਰੁੱਖ ਵਰਗਾ ਹੁੰਦਾ ਹੈ, ਜੋ ਵੱਟੇ ਖਾ ਕੇ ਫਲ ਹੀ ਝੋਲੀ ਸੁੱਟਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਫ਼ਰਮਾਨ ਹੈ-

**ਸਸਤ੍ਰਿ ਤੀਖਣਿ ਕਾਟਿ ਡਾਰਿਓ ਮਨਿ ਨ ਕੀਨੋ ਰੋਸੁ॥**
**ਕਾਜੁ ਉਆ ਕੋ ਲੇ ਸਵਾਰਿਓ ਤਿਲੁ ਨ ਦੀਨੋ ਦੋਸੁ॥**

ਜਿਵੇਂ ਰੁੱਖ ਤਿੱਖੇ ਸੰਦਾਂ (ਆਰੀ, ਕੁਹਾੜਾ) ਦੁਆਰਾ ਚੀਰੇ ਜਾਣ ਤੋਂ ਬਾਅਦ ਵੀ ਉਸ ਮਨੁੱਖ ਦੇ ਕਈ ਕੰਮ ਸੁਆਰਦਾ ਹੈ। ਜਿਸ ਨੇ ਉਸ ਨੂੰ ਵੱਢਿਆ ਹੈ। ਜਿਵੇਂ-ਬਾਲਣ, ਫਰਨੀਚਰ, ਦਵਾਈ (ਪੱਤਾ, ਜੜ੍ਹ, ਸੱਕ, ਫ਼ਲ ਆਦਿ ਦੁਆਰਾ) ਰੁੱਖ ਤੋਂ ਪ੍ਰਾਪਤ ਹੁੰਦੇ ਹਨ।

ਸ਼ੇਖ ਫਰੀਦ ਜੀ ਫਰਮਾਉਂਦੇ ਹਨ-

**ਦਰਵੇਸਾਂ ਨੋ ਲੋੜੀਐ ਰੁਖਾਂ ਦੀ ਜੀਰਾਂਦਿ॥**

ਦਰਵੇਸ਼ਾਂ ਨੂੰ ਰੁੱਖਾਂ ਵਰਗੀ ਸਹਿਣਸ਼ੀਲਤਾ ਚਾਹੀਦੀ ਹੈ।

ਰੁੱਖ ਮੀਂਹ, ਹਨ੍ਹੇਰੀ, ਧੁੱਪ ਸਹਿ ਕੇ ਦੂਸਰੇ ਨੂੰ ਛਾਂ ਹੀ ਦਿੰਦਾ ਹੈ। ਰੁੱਖ ਨੇ ਕਦੇ ਇਹ ਨਹੀਂ ਕਿਹਾ ਮੈਂ ਫਲਾਣੇ ਮਨੁੱਖ ਨੂੰ ਹੀ ਛਾਂ, ਫ਼ਲ, ਬਾਲਣ, ਦਵਾਈ ਦੇਣੀ ਹੈ। ਰੁੱਖ ਦੇ ਸੁਭਾਅ ਵਿੱਚ ਪੱਖਪਾਤ ਨਹੀਂ।

ਸੰਤ ਦਾ ਸੁਭਾਅ ਵੀ ਨਿਰਪੱਖ ਹੈ। ਸੰਤ ਵੀ ਰੁੱਖ ਵਾਂਗ ਦੂਸਰਿਆਂ ਦੀ ਭਲਾਈ ਹਿੱਤ ਆਪਣੀ ਸੁੱਖ-ਸੁਵਿਧਾ ਕੁਰਬਾਨ ਕਰ ਦਿੰਦਾ ਹੈ।

ਸੰਤ ਵੀ ਰੁੱਖ ਵਾਂਗ ਆਪਣੇ ਵਿਰੋਧੀ, ਨਿੰਦਕ ਦੇ ਕਈ ਕੰਮ ਸੁਆਰਦਾ ਹੈ।

ਰੁੱਖ ਉਨ੍ਹਾਂ ਦੋਹਾਂ ਮਨੁੱਖਾਂ ਨੂੰ ਇੱਕੋ ਜਿਹੀ ਛਾਂ ਦਿੰਦਾ ਹੈ। ਇੱਕ ਉਹ ਮਨੁੱਖ ਜੋ ਉਸ ਨੂੰ ਪਾਣੀ ਖਾਦ ਦੇਂਦਾ ਹੈ। ਦੂਸਰਾ ਮਨੁੱਖ ਜੋ ਉਸ ਨੂੰ ਵੱਢਣ ਆਇਆ ਹੈ।

ਸੰਤ ਦਾ ਸੁਭਾਅ ਵੀ ਬਿਲਕੁਲ ਰੁੱਖ ਸਾਮਾਨ ਹੈ।

ਦੇਸ਼ ਕੌਮ ਤੋਂ ਜਾਨਾਂ ਵਾਰਨ ਵਾਲੇ ਸੂਰਬੀਰ ਵੀ ਸੰਤ ਸਿਪਾਹੀ ਹੁੰਦੇ ਹਨ। ਜਿਨ੍ਹਾਂ ਨੂੰ ਦੂਸਰਿਆਂ ਦਾ ਭਲਾ ਕਰਨ ਲਈ ਚਾਅ ਚੜ੍ਹਿਆ ਰਹਿੰਦਾ ਹੈ-

**ਬ੍ਰਹਮ ਗਿਆਨੀ ਪਰਉਪਕਾਰ ਉਮਾਹਾ॥**

ਆਪਣੇ ਪਰਿਵਾਰਕ ਮੈਂਬਰਾਂ ਰਿਸ਼ਤੇਦਾਰਾਂ 'ਤੇ ਉਪਕਾਰ ਤਾਂ ਹਰ ਮਨੁੱਖ ਕਰਦਾ ਹੈ। ਬਦਲੇ ਵਿਚ ਮਨੁੱਖ ਸਵਾਰਥੀ ਭਾਵਨਾ ਵੀ ਰੱਖਦਾ ਹੈ।

ਪਰ ਸੰਤ ਤਾਂ ਉਹਨਾਂ 'ਤੇ ਵੀ ਉਪਕਾਰ ਕਰਦੇ ਹਨ, ਜਿਸ ਨਾਲ ਕੋਈ ਜਾਣ-ਪਛਾਣ ਵੀ ਨਾ ਹੋਵੇ। ਕਿਸੇ ਵਿਦਵਾਨ ਦਾ ਕਥਨ ਹੈ –

ਜੋ ਮਨੁੱਖ ਇਬਾਦਤ ਵਿਚ ਪ੍ਰਪੱਕ ਹੈ। ਉਹ ਮਨੁੱਖ ਹੀ ਸ਼ਹਾਦਤ ਦੇ ਕਾਬਲ ਹੁੰਦਾ ਹੈ।

ਸੰਤ ਤੋਂ ਬਿਨਾਂ ਇਬਾਦਤ ਵਿਚ ਪ੍ਰਪੱਕ ਹੋਰ ਕੌਣ ਹੋ ਸਕਦਾ ਹੈ ? ਇਹ ਦੁਨੀਆਂ ਵਿਸ਼ਿਆਂ ਵਿਕਾਰਾਂ ਦੀ ਅੱਗ ਨਾਲ ਝੁਲਸ ਕੇ ਖ਼ਤਮ ਹੋ ਰਹੀ ਹੈ। ਸੰਤਾਂ ਦਾ ਉਪਦੇਸ਼ ਅੱਗ ਲਈ ਸ਼ੀਤਲਤਾ ਦਾ ਕੰਮ ਕਰਦਾ ਹੈ ਅਤੇ ਇਹ ਅੱਗ ਬੁਝ ਜਾਂਦੀ ਹੈ।

ਚੰਦਰਮਾ ਨੂੰ ਸ਼ੀਤਲਤਾ ਦਾ ਸਰੋਤ ਮੰਨਿਆ ਜਾਂਦਾ ਹੈ। ਬਾਵਨ ਚੰਦਨ ਵੀ ਸ਼ੀਤਲਤਾ ਦਾ ਸਰੋਤ ਮੰਨਿਆ ਜਾਂਦਾ ਹੈ, ਜਿਸ ਨਾਲ ਸੱਪ ਲਿਪਟੇ ਰਹਿੰਦੇ ਹਨ ਅਤੇ ਆਪਣੇ ਜ਼ਹਿਰੀਲੇ ਸੁਭਾਅ ਦੀ ਤਪਸ਼ ਨੂੰ ਸ਼ਾਂਤ ਰੱਖਣ ਦਾ ਯਤਨ ਕਰਦੇ ਹਨ। ਸਿਆਲ ਦੀ ਰੁੱਤ ਵੀ ਬਹੁਤ ਸੀਤਲ ਮੰਨੀ ਗਈ ਹੈ। ਪਰ ਇਹ ਸਾਰੀਆਂ ਚੀਜ਼ਾਂ ਇਤਨੀਆਂ ਠੰਢੀਆਂ ਨਹੀਂ ਜਿੱਤਣੀ ਸੀਤਲਤਾ ਸੰਤ ਕੋਲ ਹੈ।

**ਨਹ ਸੀਤਲੰ ਚੰਦ੍ਰ ਦੇਵਹ ਨਹ ਸੀਤਲੰ ਬਾਵਨ ਚੰਦਨਹ॥**
**ਨਹ ਸੀਤਲੰ ਸੀਤ ਰੁਤੇਣ ਨਾਨਕ ਸੀਤਲੰ ਸਾਧ ਸ੍ਵਜਨਹ॥**

(ਸਲੋਕ ਸਹਸਕ੍ਰਿਤੀ, ਮ:5)

ਸ਼ੀਤਲਤਾ ਦਾ ਮੁੱਖ ਸਰੋਤ ਸੰਤ ਹੀ ਹੈ। ਸੰਤ ਤੇ ਪਰਮਾਤਮਾ ਵਿਚਕਾਰ ਕੋਈ ਭੇਦ ਨਹੀਂ ਹੁੰਦਾ।

**ਰਾਮ ਸੰਤ ਮਹਿ ਭੇਦੁ ਕਿਛੁ ਨਾਹੀ......**

ਪਰ ਸੱਚਾਈ ਇਹ ਹੈ–

**...... ਏਕੁ ਜਨੁ ਕਈ ਮਹਿ ਲਾਖ ਕਰੋਰੀ॥**

ਅਜਿਹਾ ਸੰਤ ਜੋ ਰਾਮ ਦਾ ਹੀ ਰੂਪ ਹੈ, ਲੱਖਾਂ-ਕਰੋੜਾਂ ਵਿਚੋਂ ਵਿਰਲੇ ਹਨ।

ਸੰਤ ਦਾ ਮਿਲਾਪ ਕਈ ਜਨਮਾਂ ਤੋਂ ਲੱਗੀ ਬੇਅੰਤ ਪਾਪਾਂ ਦੀ ਮੈਲ ਖ਼ਤਮ ਕਰਦਾ ਹੈ–

**ਸੰਤ ਕੀ ਧੂਰਿ ਮਿਟੇ ਅਘ ਕੋਟ॥**

ਸੰਤ ਦੀ ਮਹਿਮਾ ਨੂੰ ਆਮ ਮਨੁੱਖ ਬਿਆਨ ਨਹੀਂ ਕਰ ਸਕਦਾ। ਅਜਿਹੇ ਵਿੱਚ ਸੰਤ-ਸਮਾਜ ਨੂੰ ਨਮਸਕਾਰ ਕਰਨੀ ਬਣਦੀ ਹੈ। ਇਹ ਨਮਸਕਾਰ ਸਿਰਫ਼ ਹੱਥ ਜੋੜਨ ਵਾਲੀ ਨਹੀਂ, ਸਗੋਂ ਮਨ ਤੋਂ ਵੀ ਹੋਣੀ ਚਾਹੀਦੀ ਹੈ। ਸੰਤ ਨੂੰ ਨਮਸਕਾਰ ਕਰਦੇ ਹੋਏ, ਕਵੀ ਚੂੜਾਮਣਿ ਭਾਈ ਸੰਤੋਖ ਸਿੰਘ ਜੀ ਲਿਖਦੇ ਹਨ–

**ਪੂਰਨ ਦੇਖਯੋ ਆਤਮਾ ਦ੍ਵੈਤਹਿਂ ਸਰਬ ਨਿਵਾਰਿ॥**
**ਭਏ ਸ਼ਾਂਤਿ ਮਨ ਸੰਤ ਜੇ ਤਿਨ ਪਦ ਨਮੋ ਹਮਾਰਿ॥**

(ਸ੍ਰੀ ਨਾਨਕ ਪ੍ਰਕਾਸ਼, ਉਤਰਾਰਧ)

ਭਾਵ– ਜਿਨ੍ਹਾਂ ਸੰਤਾਂ ਨੇ ਸਾਰੀ ਦਵੈਤ ਨੂੰ ਦੂਰ ਕਰਕੇ (ਇਕ) ਆਤਮਾ ਨੂੰ (ਸਾਰਾ) ਪੂਰਨ ਨੂੰ (ਸ਼ੁੱਧ ਵਿਕਾਰਾਂ ਤੋਂ ਮੁਕਤ) ਰੂਪ ਵਿਚ ਵੇਖਿਆ ਹੈ। (ਤੇ ਇਉਂ ਦੇਖ ਕੇ) ਸ਼ਾਂਤ ਮਨ ਵਾਲੇ ਹੋ ਗਏ ਹਨ। ਉਨ੍ਹਾਂ ਸੰਤਾਂ ਦੇ ਚਰਨਾਂ 'ਤੇ ਨਮਸਕਾਰ ਹੈ। ਸ੍ਰੀ ਨਾਨਕ ਪ੍ਰਕਾਸ਼ ਵਿਚ ਹੀ ਭਾਈ ਸੰਤੋਖ ਸਿੰਘ ਦੀ ਲਿਖਦੇ ਹਨ–

**ਦੋਹਰਾ॥**

**ਬੰਦੌਂ ਸੰਤ ਸੰਦੋਹਿ ਪਦ ਜਿਨਤੇ ਹੋਤ ਉਧਾਰ॥**
**ਜਮ ਤਮ ਸਮ ਤਿਹ ਤਰਨਿ ਸੇ**
**ਭਰਮ ਘਨ ਬਾਤ ਬਿਚਾਰ॥**

(ਪੂਰਬਾਰਧ)

ਭਾਵ– (ਉਨ੍ਹਾਂ) ਸੰਤ ਸੰਦੋਹਿ (ਸਮਾਜ) ਦੇ ਚਰਨਾਂ ਨੂੰ ਮੱਥਾ ਟੇਕਦਾ ਹਾਂ, ਜਿਸ ਤੋਂ (ਮਨੁੱਖ ਜਨਮ ਦਾ) ਉਧਾਰ ਹੁੰਦਾ ਹੈ। ਜਮ (ਯਮ) ਤਮ (ਹਨ੍ਹੇਰੇ) ਦੇ ਸਮਾਨ ਹੈ। ਉਸ ਲਈ ਸੰਤ ਤਰਨਿ (ਸੂਰਜ) ਹਨ। (ਸੂਰਜ ਲਈ ਹਨ੍ਹੇਰਾ ਖ਼ਤਮ ਕਰਨਾ ਔਖਾ ਨਹੀਂ ਹੁੰਦਾ। ਸੰਤ ਵੀ ਗਿਆਨ ਦੇ ਪ੍ਰਕਾਸ਼ ਨਾਲ ਅਗਿਆਨਤਾ ਰੂਪੀ ਹਨ੍ਹੇਰਾ ਸਹਿਜੇ ਹੀ ਖ਼ਤਮ ਕਰ ਦਿੰਦੇ ਹਨ।)

ਸੰਤ ਭਰਮ ਰੂਪੀ ਘਨ (ਬੱਦਲ) ਲਈ ਬਾਤ (ਹਵਾ) ਸਮਾਨ ਹਨ। (ਹਵਾ ਬੱਦਲਾਂ ਨੂੰ ਉਡਾ ਕੇ ਦੂਰ ਲੈ ਜਾਂਦੀ ਹੈ। ਸੰਤ ਵੀ ਭਰਮ ਨੂੰ ਮੁਕਾਉਂਦੇ ਹਨ।)

ਭਰਮ ਕੀ ਹੈ ?

ਇਸ ਫ਼ਾਨੀ ਸੰਸਾਰ ਨੂੰ ਸੱਚ ਅਤੇ ਸਦੀਵੀ ਮੰਨਣਾ ਹੀ ਭਰਮ ਹੈ।

ਸੰਤ ਦੀ ਸੰਗਤ ਇਹ ਭਰਮ ਖ਼ਤਮ ਕਰਦੀ ਹੈ। ਸ੍ਰੀ ਤੁਲਸੀ ਦਾਸ ਜੀ ਸੰਤ ਨੂੰ ਨਮਸਕਾਰ ਕਰਦੇ ਹੋਏ ਲਿਖਦੇ ਹਨ–

**ਸਾਧੁ ਚਰਿਤ ਸੁਭ ਚਰਿਤ ਕਪਾਸੂ।**
**ਨਿਰਸ ਬਿਸਦ ਗੁਣਮਯ ਫਲ ਜਾਸੂ।**
**ਜੋ ਸਹਿ ਦੁਖ ਪਰਛਿਦ੍ਰ ਦੁਰਾਵਾ।**
**ਬੰਦਨੀਯ ਜੇਹਿਂ ਜਗ ਜਸ ਪਾਵਾ।**

(ਸ੍ਰੀ ਰਾਮ ਚਰਿਤ ਮਾਨਸ)

ਸ੍ਰੀ ਤੁਲਸੀ ਦਾਸ ਜੀ ਬਚਨ ਕਰਦੇ ਹਨ ਸੰਤ ਦਾ ਚਰਿੱਤ੍ਰ ਕਪਾਹ ਸਮਾਨ ਹੈ। ਕਪਾਹ ਨਰਮ, ਨਿਰਸ, ਬਿਸਦ (ਸਫ਼ੈਦ) ਹੁੰਦੀ ਹੈ। ਸੰਤ ਵੀ ਨਰਮ ਸੁਭਾਉ, ਨੀਰਸ (ਵਿਸ਼ਿਆਂ-ਵਿਕਾਰਾਂ ਦੇ ਰਸ ਤੋਂ ਰਹਿਤ) ਹੁੰਦਾ ਹੈ। ਸੰਤ ਦਾ ਚਰਿੱਤ੍ਰ ਬਿਸਦ (ਸਫ਼ੈਦ) ਹੈ। ਭਾਵ ਕਿ ਨਿਹਕਲੰਕ ਹੈ। ਬੇ-ਦਾਗ਼ ਹੈ।

ਕਪਾਹ ਤੋਂ ਕੱਪੜਾ ਬਣਦੀ ਪ੍ਰਕਿਰਿਆ ਦੌਰਾਨ ਕਪਾਹ ਨੂੰ ਬਹੁਤ ਜਟਿਲ ਪ੍ਰਕਿਰਿਆ ਵਿੱਚੋਂ ਗੁਜ਼ਰਨਾ ਪੈਂਦਾ ਹੈ। ਕੱਪੜਾ ਬੰਣ ਕੇ ਕਪਾਹ ਦੂਸਰਿਆਂ ਦਾ ਨੰਗੇਜ਼ ਢੱਕਦੀ ਹੈ।

ਸੰਤ ਵੀ ਕਈ ਦੁੱਖ-ਤਕਲੀਫ਼ਾਂ ਸਹਿ ਕੇ ਦੂਸਰਿਆਂ ਦੇ ਛਿਦ੍ਰ (ਐਬ, ਊਣਤਾਈਆਂ) ਢੱਕਦਾ ਹੈ। ਸੰਤ ਦਾ ਸੁਭਾਅ ਪਰਾਏ ਦੋਸ਼ਾਂ ਨੂੰ ਜਗ-ਜ਼ਾਹਰ ਕਰਨਾ ਨਹੀਂ। ਦੂਸਰਿਆਂ ਦੇ ਦੋਸ਼ਾਂ ਨੂੰ ਜਗ ਸਾਹਮਣੇ ਪ੍ਰਗਟ ਕਰਨ ਦਾ ਸੁਭਾਅ ਵਿਕਾਰੀ ਮਨੁੱਖਾਂ ਦਾ ਹੈ। ਸੰਤ ਦਾ ਸੁਭਾਅ ਦੂਸਰਿਆਂ ਨੂੰ ਨੀਵਾਂ ਦਿਖਾਉਣਾ ਨਹੀਂ।

ਅਜਿਹੀ ਅਵਸਥਾ ਵਾਲੇ ਸਾਧੂ ਨੂੰ ਤੁਲਸੀ ਜੀ ਨਮਸਕਾਰ ਕਰਦੇ ਹਨ।

ਅਜਿਹੀ ਅਵਸਥਾ ਵਾਲਾ ਮਨੁੱਖ ਚਾਹੇ ਕਿਸੇ ਵੀ ਦੇਸ਼ ਦਾ ਨਾਗਰਿਕ ਹੋਵੇ, ਕਿਸੇ ਵੀ ਜਾਤ ਫ਼ਿਰਕੇ ਨਾਲ ਸਬੰਧਿਤ ਹੋਵੇ, ਚਾਹੇ ਦਿਹਾੜੀਦਾਰ ਹੋਵੇ, ਚਾਹੇ ਕਿਸੇ ਕੰਪਨੀ ਦਾ ਮਾਲਕ ਹੋਵੇ।

ਉਹ ਮਨੁੱਖ ਸੰਤ ਹੀ ਹੈ, ਜੇਕਰ ਉਸ ਵਿਚ ਅਜਿਹੇ ਗੁਣ ਹਨ ਅਤੇ ਉਸ ਦੀ ਅਵਸਥਾ ਉੱਚੀ ਹੈ।

ਸੰਤ ਦਾ ਮਿਲਾਪ ਉਸ ਨੂੰ ਹੀ ਹੁੰਦਾ ਹੈ, ਜਿਸ ਉੱਤੇ ਪਰਮਾਤਮਾ ਦੀ ਮਿਹਰ ਹੋਵੇ।

........................................................

# ਬੀਤੇ ਦੀਆਂ ਪੈੜਾਂ



(ਅਣਛਪਿਆ–ਭਾਗ)

(ਪਿਛਲੇ ਅੰਕ ਤੋਂ ਅੱਗੇ)

**ਪ੍ਰੀਤਮ ਸਿੰਘ ਕਵੀ**

**10 ਅਕਤੂਬਰ 1986, ਸ਼ੁੱਕਰਵਾਰ**

**ਜਸਵਿੰਦਰ ਸਿੰਘ ਦੀ ਅੰਤਰ ਇੱਛਾ ਪੂਰੀ –** ਮੇਰਾ ਸਾਥੀ ਜਸਵਿੰਦਰ ਸਿੰਘ ਸ਼ਕੂਰ ਬਸਤੀ, ਦਿੱਲੀ ਘਰ ਜਾਣ ਲਈ ਉਤਾਵਲਾ ਸੀ। ਪਰ ਜਦੋਂ ਸੱਚੇ ਪਾਤਸ਼ਾਹ ਜੀ ਨੇ ਸਾਡੇ ਨਾਲ ਬੈਠਣ ਦਾ ਮਨ ਬਣਾ ਲਿਆ ਤਾਂ ਅਸੀਂ ਇਸ ਮਹੀਨੇ ਦੇ ਅੰਤ ਤੱਕ ਡਟੇ ਰਹਿਣ ਦਾ ਮਨ ਬਣਾ ਲਿਆ। ਤਾਂ ਵੀ ਘਰ ਜਾਣ ਦੀ ਤਾਂਘ ਜਸਵਿੰਦਰ ਸਿੰਘ ਨੂੰ ਰਹਿ ਰਹਿ ਕੇ ਸਤਾ ਰਹੀ ਸੀ। ਸਵੇਰੇ 9 ਵਜੇ ਜਦੋਂ ਸਤਿਗੁਰੂ ਜੀ ਨਾਲ ਪੁਸਤਕ ਪਾਠ ਲਈ ਬੈਠੇ ਤਾਂ ਹਜ਼ੂਰ ਨੇ ਆਪ ਹੀ ਫਰਮਾ ਦਿੱਤਾ : ਚੰਗਾ ਫਿਰ ਤੁਸੀਂ 5 ਦਿਨਾਂ ਲਈ ਦਿੱਲੀ ਹੋ ਆਓ! ਫਿਰ ਪੰਜਵੇਂ ਦਿਨ ਵਾਪਸੀ ਜ਼ਰੂਰੀ ਹੋਵੇ! ਭਲਾ ਫਿਰ, ਖੁਸ਼ ਕਿਸ ਨਹੀਂ ਸੀ ਹੋਣਾ ?

**ਬੈਲੇਂਸ ਸਤਿਗੁਰੂ ਜੀ ਦੇ ਹੱਥ ਵਿੱਚ –** ਸੰਤ ਸੰਤੋਖ ਸਿੰਘ ਦੇ ਪੁਸਤਕ ਦਾ ਪਾਠ ਕਰਦਿਆਂ ਸੁਭਾਵਕ ਹੀ ਸਾਡੇ ਦੋ ਗਰੁੱਪ ਬਣ ਜਾਂਦੇ ਹਨ। ਇੱਕ ਪਾਸੇ ਪੰਡਿਤ ਗੋਪਾਲ ਸਿੰਘ ਜੀ, ਸਕੱਤਰ ਸਾਹਿਬ ਅਤੇ ਫੇਰ ਵੈਦ ਗੁਰਦੇਵ ਸਿੰਘ ਵੀ ਇਹਨਾਂ ਨਾਲ ਰਲ ਗਿਆ। ਇਨ੍ਹਾਂ 'ਚੋਂ ਲੇਖਕ ਤਾਂ ਕੋਈ ਵੀ ਨਹੀਂ। ਦੁਹਰਾਉ ਜਾਂ ਨਾ ਸਮਝ ਆਉਂਦਾ ਸ਼ਬਦ ਵੀ ਇਹਨਾਂ ਲਈ ਧਰਮ ਪੁਸਤਕ ਦਾ ਸ਼ਬਦ ਸੀ। ਕਈ ਮਸਲਿਆਂ ਤੇ ਮੈਂ ਵੀ ਖਰ੍ਹਵਾ ਹੋ ਜਾਂਦਾ ਸਾਂ, ਕਿਉਂਕਿ ਸਾਡੇ ਸਾਥੀਆਂ 'ਚੋਂ ਮੈਂ ਹੀ ਮੁੱਖ ਰੂਪ ਵਿੱਚ ਬੋਲਦਾ ਸਾਂ ਪਰ ਸਰਕਾਰੀ ਦਸਤਾਵੇਜ਼ਾਂ ਦਾ ਪੱਖ ਸਾਡੇ ਇਤਿਹਾਸਕਾਰ ਮਿਤੀਆਂ ਆਦਿ ਬਾਰੇ ਜਸਵਿੰਦਰ ਸਿੰਘ ਦੀ ਰਾਇ ਹੀ ਪੇਸ਼ ਹੁੰਦੀ ਸੀ, ਅਜਿਹੇ ਵਿੱਚ ਜਦੋਂ ਅਸੀਂ ਫਸ ਖਲੋਂਦੇ ਤਾਂ ਸ੍ਰੀ ਸਤਿਗੁਰੂ ਜੀ ਵਿਚੋਲਗਿਰੀ ਕਰਦੇ ਅਤੇ ਦੋਹਾਂ ਨੂੰ ਧੀਰਿਆਂ ਕਰਕੇ ਗੱਲ ਜਾਂ ਤੱਥ ਸਮਝਾਂਦੇ ਤਾਂ ਵੀ ਅੰਤਮ ਫੈਸਲਾ ਸ੍ਰੀ ਸਤਿਗੁਰੂ ਜੀ ਹੀ ਕਰਦੇ ਅਤੇ ਸਭ ਨੂੰ ਠੀਕ ਸੇਧ ਵਿੱਚ ਰੱਖਣ ਲਈ ਸਮਾਂ ਦਿੰਦੇ।

**ਟੈਲੀਵੀਜ਼ਨ 'ਤੇ ਖੇਡ –** ਮੈਨੂੰ ਦੱਸਿਆ ਗਿਆ ਕਿ ਨਾਮਧਾਰੀ ਹਾਕੀ ਟੀਮ ਦਾ ਅੱਜ ਮੁਕਾਬਲਾ ਬੀ. ਐਸ. ਐਫ. ਜਲੰਧਰ ਨਾਲ ਗੁਰੂ ਗੋਬਿੰਦ ਸਿੰਘ ਸਟੇਡੀਅਮ ਵਿਖੇ ਹੋਵੇਗਾ ਤੇ ਇਸ ਦਾ ਸਿੱਧਾ ਪ੍ਰਸਾਰਣ ਟੀ. ਵੀ. ਜਲੰਧਰ ਦੁਆਰਾ ਵੇਖਿਆ ਜਾ ਸਕੇਗਾ। ਸੋ ਮੈਂ ਵੀ ਦੀਵਾਨ ਵਿੱਚੋਂ ਹੀ 3.30 ਵਜੇ ਉੱਠਕੇ ਸ. ਜਸਵੰਤ ਸਿੰਘ ਕੱਲ੍ਹਾ ਦੇ ਮਕਾਨ ਦੇ ਇੱਕ ਛੋਟੇ ਕਮਰੇ ਵਿੱਚ ਉਨ੍ਹਾਂ ਨਾਲ ਆ ਕੇ ਮੈਚ ਵੇਖਣ ਲੱਗਾ। ਏਥੇ ਹੀ, 4 ਵਜੇ ਤੱਕ ਸ੍ਰੀ ਸਤਿਗੁਰੂ ਜੀ ਅਤੇ ਹੋਰ ਕੁਛ ਜ਼ਿੰਮੇਵਾਰ ਸੱਜਣ ਇਹ ਮੈਚ ਵੇਖਣ ਟੀ. ਵੀ. ਦੁਆਲੇ ਆ ਬੈਠੇ।

**11 ਸਤੰਬਰ 2021** ਸ਼ਨੀਵਾਰ ਨੂੰ ਦਿੱਲੀ ਤੋਂ ਵਾਇਆ ਹਿਸਾਰ, ਫਤਿਆਬਾਦ ਹੁੰਦੇ ਹੋਏ, ਸਤਿਗੁਰੂ ਉਦੇ ਸਿੰਘ ਜੀ ਨੇ ਫਤਿਆਬਾਦ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ, ਉਪਰੰਤ ਨਾਮਧਾਰੀ ਧਰਮਸ਼ਾਲਾ ਸਿਰਸਾ ਵਿਖੇ ਆਣ ਦਰਸ਼ਨ ਦਿੱਤੇ। ਇੱਥੇ ਸਾਧ ਸੰਗਤ ਵੱਲੋਂ ਦਿੱਤੇ ਪ੍ਰੋਗਰਾਮ ਮੁਤਾਬਿਕ 5 ਤੋਂ 6 ਸ਼ਾਮ ਦੇ ਨਾਮ ਸਿਮਰਨ ਸਮੇਂ ਸ੍ਰੀ ਸਤਿਗੁਰੂ ਜੀ ਦਰਸ਼ਨ ਦੇਣ ਦੀ ਕਿਰਪਾ ਕੀਤੀ। ਉਪਰੰਤ ਸਿਰਸਾ ਦੇ ਹਰਵਿੰਦਰ ਸਿੰਘ ਰਾਗੀ ਦੇ ਸਿਖਿਆਰਥੀ ਬੱਚਿਆਂ ਨੇ ਅਤੇ ਸਾਜਨ ਸਿੰਘ ਰਾਗੀ ਦੀਆਂ ਸਿਖਿਆਰਥੀ ਬੱਚੀਆਂ ਨੇ ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਗੁਰਬਾਣੀ ਦਾ ਸ਼ਬਦ ਗਾਇਨ ਕੀਤਾ। ਸਾਧ ਸੰਗਤ ਨੇ ਆਦਰ ਅਤੇ ਸਤਿਕਾਰ ਸਹਿਤ ਕਤਾਰਾਂ ਵਿਚ ਲੱਗ ਭੇਟਾ ਧਰ ਸ੍ਰੀ ਸਤਿਗੁਰੂ ਜੀ ਨੂੰ ਮੱਥਾ ਟੇਕਿਆ। ਇੱਥੋਂ ਹੀ ਪ੍ਰੋਗਰਾਮ ਦੀ ਸਮਾਪਤੀ ਉਪਰੰਤ ਸ੍ਰੀ ਸਤਿਗੁਰੂ ਜੀ ਸਿੱਖਾਂ ਸੇਵਕਾਂ ਸਹਿਤ ਸ਼ਾਮ ਹਨ੍ਹੇਰਾ ਹੋਣ ਤੱਕ ਮਸਤਾਨਗੜ੍ਹ ਪਹੁੰਚੇ ਅਤੇ ਉੱਥੇ ਹੀ ਰਾਤ ਵਿਸ਼ਰਾਮ ਕੀਤਾ।

.........................................................

## ਸ੍ਰੀ ਸਤਿਗੁਰੂ ਜੀ ਦੇ ਜੀਵਨ ਨਗਰ ਵਿਖੇ ਅਤੇ ਪਿੰਡਾਂ ਦੇ ਜਪ ਪ੍ਰਯੋਗਾਂ ਵਿੱਚ ਦਰਸ਼ਨ

ਅਟੱਲ ਪ੍ਰਤਾਪੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਸਾਜੀ ਅਤੇ ਸਤਿਗੁਰੂ ਜਗਜੀਤ ਸਿੰਘ ਜੀ ਦੀ ਨਿਵਾਜੀ ਹੋਈ ਧਰਤੀ ਹੈ, ਇਲਾਕਾ ਸ੍ਰੀ ਜੀਵਨ ਨਗਰ। ਜਿਸ ਨੂੰ ਵਰਤਮਾਨ ਸਤਿਗੁਰੂ ਉਦੇ ਸਿੰਘ ਜੀ ਹਮੇਸ਼ਾਂ ਮਾਣ ਅਤੇ ਸਤਿਕਾਰ ਦਿੰਦੇ ਹਨ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਆਪਣੇ ਦਿੱਲੀ ਦੌਰੇ ਸਮੇਂ ਇਥੋਂ ਹੀ ਇਲਾਕਾ ਸ੍ਰੀ ਜੀਵਨ ਨਗਰ ਦੀ ਸਾਧ ਸੰਗਤ ਨੂੰ ਦਰਸ਼ਨ ਦੇਣ ਲਈ ਮਿਤੀ **11 ਸਤੰਬਰ 2021** ਦਿਨ ਸ਼ਨੀਵਾਰ ਨੂੰ ਸ਼ਾਮ ਤੱਕ ਸ੍ਰੀ ਮਸਤਾਨਗੜ੍ਹ ਆਣ ਵਿਸ਼ਰਾਮ ਕੀਤਾ।

**12 ਸਤੰਬਰ 2021** ਦਿਨ ਐਤਵਾਰ ਪਿੰਡ ਸੰਤ ਨਗਰ ਦੀ ਸਾਧ ਸੰਗਤ ਦੇ ਅਰਜ਼ ਕਰਨ 'ਤੇ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਅੰਮ੍ਰਿਤ ਵੇਲੇ 3 ਵਜੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਯਾਦ ਵਿੱਚ ਉਸਾਰੇ ਗਏ ਸੁੰਦਰ ਅਤੇ ਵੱਡ ਅਕਾਰੀ ਮੰਦਰ ਵਿੱਚ ਦਰਸ਼ਨ ਦਿੱਤੇ ਅਤੇ ਨਗਰ ਨਿਵਾਸੀ ਸਾਧ ਸੰਗਤ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਨਾਮ ਸਿਮਰਨ ਜਪੁ ਪ੍ਰਯੋਗ ਦੀ ਆਰੰਭਤਾ ਦੀ ਅਰਦਾਸ ਹੋਈ। ਮੰਦਰ ਵਿੱਚ ਹਾਜ਼ਰੀ ਭਰਪੂਰ ਸੀ। ਇੱਥੇ ਹੀ ਆਸਾ ਦੀ ਵਾਰ ਦਾ ਕੀਰਤਨ ਸ੍ਰੀ ਸਤਿਗੁਰੂ ਜੀ ਦੇ ਹਜ਼ੂਰੀ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਅਤੇ ਸਾਜਨ ਸਿੰਘ ਨੇ ਕੀਤਾ। ਵਾਰ ਦੀ ਸਮਾਪਤੀ ਬਾਅਦ ਮਸਤਾਨਗੜ੍ਹ ਕੁਝ ਸਮਾਂ ਰੁਕੇ ਅਤੇ ਫਿਰ ਟਿੱਬਾ ਫਾਰਮ 'ਤੇ ਦਰਸ਼ਨ ਦਿੱਤੇ। ਸੰਤ ਨਗਰ ਮਾਨ ਸਿੰਘ ਹੱਟੀ ਵਾਲੇ ਦੇ ਘਰ ਚਰਨ ਪਾਏ। ਪ੍ਰਤਾਪ ਨਗਰ ਸ. ਦੀਦਾਰ ਸਿੰਘ ਅਤੇ ਉਨ੍ਹਾਂ ਦੇ ਭਰਾ ਦੇ ਘਰ ਦਰਸ਼ਨ ਦਿੱਤੇ। ਸ੍ਰੀ ਜੀਵਨ ਨਗਰ ਨੰਬਰਦਾਰ ਅਮਰ ਸਿੰਘ ਦੇ ਲੜਕੇ ਸੰਤੋਖ ਸਿੰਘ ਦੇ ਘਰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸ਼ਾਮ ਦਾ ਨਾਮ ਸਿਮਰਨ 6 ਤੋਂ 7 ਵਜੇ ਤੱਕ ਮਸਤਾਨਗੜ੍ਹ ਵਿਖੇ ਸ੍ਰੀ ਸਤਿਗੁਰੂ ਜੀ ਦੇ ਹਜ਼ੂਰ ਹੋਇਆ ਅਤੇ 4 ਪਾਠਾਂ ਦੇ ਭੋਗ ਪਾਏ ਗਏ। ਇੱਕ ਪਾਠ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨਾਂ ਨਮਿਤ, ਇਕ ਪਾਠ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੀ ਯਾਦ ਵਿੱਚ, ਇੱਕ ਪਾਠ ਸੂਬਾ ਧਰਮ ਸਿੰਘ ਜੀ ਦੀ ਯਾਦ ਵਿੱਚ ਅਤੇ ਇੱਕ ਪਾਠ ਸ. ਕੁਲਦੀਪ ਸਿੰਘ ਗੁਲਾਟੀ ਹੈਦਰਾਬਾਦ ਨਮਿੱਤ ਵਰ੍ਹੀਣੇ ਦਾ, ਰਾਗੀ ਬਲਵੰਤ ਸਿੰਘ ਅਤੇ ਹਰਪ੍ਰੀਤ ਸਿੰਘ ਨੇ ਕੀਰਤਨ ਕੀਤਾ। ਇੱਥੇ ਹੀ ਹਰਿਆਣਾ ਸਰਕਾਰ ਦੇ ਮੰਤਰੀ ਚੌਧਰੀ ਰਣਜੀਤ ਸਿੰਘ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਨ ਆਏ। ਰਾਤ ਮਸਤਾਨਗੜ੍ਹ ਵਿਖੇ ਵਿਸ਼ਰਾਮ ਕੀਤਾ।

**13 ਸਤੰਬਰ 2021** ਦਿਨ ਸੋਮਵਾਰ ਸ੍ਰੀ ਸਤਿਗੁਰੂ ਜੀ ਨੇ ਉਚੇਚੀ ਕਿਰਪਾ ਕਰਦੇ ਹੋਏ ਇਲਾਕੇ ਦੇ ਪਿੰਡਾਂ ਵਿੱਚ ਚੱਲ ਰਹੇ ਨਾਮ ਸਿਮਰਨ (ਜਪ ਪ੍ਰਯੋਗ) ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਸਵੇਰੇ ਅੰਮ੍ਰਿਤ ਵੇਲੇ ਪਹਿਲਾਂ ਮਸਤਾਨਗੜ੍ਹ ਤੋਂ ਚੱਲ ਕੇ ਪਿੰਡ ਮਿਰਜਾਪੁਰ ਵਿਖੇ ਨਾਮਧਾਰੀ ਧਰਮਸ਼ਾਲਾ ਵਿਚ ਜਪ ਪ੍ਰਯੋਗ ਸਮੇਂ ਸਾਧ ਸੰਗਤ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਸ ਤੋਂ ਬਾਅਦ ਪਿੰਡ ਅਮਰਾਸਰ (ਅੰਮ੍ਰਿਤਸਰ

ਕਲਾਂ) ਵਿਖੇ ਨਾਮਧਾਰੀ ਧਰਮਸ਼ਾਲਾ ਵਿੱਚ ਜੱਪ ਪ੍ਰਯੋਗ ਸਮੇਂ ਦਰਸ਼ਨ ਦਿੱਤੇ। ਨੌਜਵਾਨ ਜਥੇ ਨੇ ਬੰਤਾ ਸਿੰਘ ਅਮਰਾਸਰ ਦੀ ਅਗਵਾਈ ਵਿੱਚ ਆਸਾ ਦੀ ਵਾਰ ਦਾ ਕੀਰਤਨ ਵਾਰੇ ਦੇ ਰੂਪ ਵਿੱਚ ਕੀਤਾ। ਉਪਰੰਤ ਸ੍ਰੀ ਸਤਿਗੁਰੂ ਜੀ ਨੇ ਨਾਮਧਾਰੀ ਧਰਮਸ਼ਾਲਾ ਏਲਨਾਬਾਦ ਵਿਖੇ ਆਣ ਦਰਸ਼ਨ ਦਿੱਤੇ। ਇੱਥੇ ਸਤਿਗੁਰੂ ਜੀ ਦੇ ਹਜ਼ੂਰ ਰਾਗੀ ਬਲਵੰਤ ਸਿੰਘ, ਹਰਪ੍ਰੀਤ ਸਿੰਘ ਸੋਨੂੰ ਨੇ ਜਥੇ ਸਮੇਤ ਆਸਾ ਦੀ ਵਾਰ ਦਾ ਕੀਰਤਨ ਕੀਤਾ। ਵਾਰ ਦੇ ਭੋਗ ਉਪਰੰਤ ਸਮਾਪਤੀ ਬਾਅਦ ਸ੍ਰੀ ਸਤਿਗੁਰੂ ਜੀ ਨੇ ਪਿੰਡ ਰਾਮਪੁਰ (ਬੁੱਢੀਮਾੜੀ) ਸੰਤ ਤਰਨ ਸਿੰਘ ਵਹਿਮੀ ਜੀ ਦੇ ਨਗਰ ਵਿਖੇ ਦਰਸ਼ਨ ਦਿੱਤੇ। ਨਗਰ ਦੀ ਸਾਧ ਸੰਗਤ ਨੇ ਉੱਦਮ ਕਰਕੇ ਪਿੰਡ ਦੇ ਪੁਰਾਣੇ ਗੁਰਦੁਆਰੇ ਦੀ ਥਾਂ 'ਤੇ ਇੱਕ ਬਹੁਤ ਆਲੀਸ਼ਾਨ ਸੁੰਦਰ ਮੰਦਰ ਤਿਆਰ ਕੀਤਾ ਹੈ। ਜਿਸ ਦਾ ਉਦਘਾਟਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਪੱਥਰ ਦੀ ਸਿੱਲ ਤੋਂ ਪਰਦਾ ਹਟਾ ਕੇ ਕੀਤਾ। ਮੰਦਰ ਵਿੱਚ ਦਰਸ਼ਨ ਦੇਣ ਸਮੇਂ ਸਾਧ ਸੰਗਤ ਵੱਲੋਂ ਅਰਜ਼ ਕਰਨ 'ਤੇ ਕਿ ਇਸ ਮੰਦਰ ਦਾ ਨਾਮ ਰੱਖਣ ਦੀ ਕਿਰਪਾ ਕਰੋ ਤਾਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨੇ ਇਸ ਮੰਦਰ ਦਾ ਨਾਮ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੇ ਨਾਮ 'ਤੇ 'ਰਾਮ ਮੰਦਰ' ਰੱਖਿਆ। ਸਾਧ ਸੰਗਤ ਨੇ ਸ੍ਰੀ ਸਤਿਗੁਰੂ ਜੀ ਦਾ ਦਰਸ਼ਨ ਦੇਣ 'ਤੇ ਧੰਨਵਾਦ ਕੀਤਾ। ਇੱਥੋਂ ਚੱਲ ਕੇ ਪਿੰਡ ਦਮਦਮਾ ਵਿਖੇ ਸ. ਬਲਦੇਵ ਸਿੰਘ ਦੀ ਧਰਮ ਪਤਨੀ ਬੀਬੀ ਦਲੀਪ ਕੌਰ ਦੇ ਚੜ੍ਹਾਈ ਕਰਨ 'ਤੇ ਪਰਿਵਾਰ ਨੂੰ ਦਰਸ਼ਨ ਦੇਣ ਦੀ ਕਿਰਪਾ ਕੀਤੀ। ਪਿੰਡ ਸੰਤਨਗਰ ਸ. ਸੁਰਜੀਤ ਸਿੰਘ, ਧਰਮ ਸਿੰਘ ਤੇ ਸੁਖਚੈਨ ਸਿੰਘ ਸਮਸੇਵਾਲੇ ਦੇ ਘਰ ਆਣ ਪ੍ਰਸ਼ਾਦ ਪਾਣੀ ਛਕ ਉਪਰੰਤ ਵਾਪਸ ਮਸਤਾਨਗੜ੍ਹ ਵਿਖੇ ਆਣ ਵਾਪਸੀ ਲਈ ਕਮਰਕੱਸੇ ਕੀਤੇ ਅਤੇ ਫਿਰ ਸਤਿਗੁਰੂ ਜੀ ਨੇ ਮਾਤਾ ਭੁਪਿੰਦਰ ਕੌਰ ਜੀ ਦੇ ਪੇਕੇ ਨਗਰ ਗੁਰੂਸਰ ਵੱਲ ਪਿਆਨਾ ਕੀਤਾ।

..........................................................

## ਸਤਿਗੁਰੂ ਉਦੇ ਸਿੰਘ ਜੀ ਦੇ ਪਿੰਡ ਗੁਰੂਸਰ ਵਿਖੇ ਦਰਸ਼ਨ

**13 ਸਤੰਬਰ 2021** ਦਿਨ ਸੋਮਵਾਰ ਨੂੰ ਇਲਾਕਾ ਸ੍ਰੀ ਜੀਵਨ ਨਗਰ ਦੇ ਦੌਰੇ ਤੋਂ ਵਾਪਸੀ ਸਮੇਂ ਸਤਿਗੁਰੂ ਉਦੇ ਸਿੰਘ ਜੀ ਨੇ ਪਿੰਡ ਗੁਰੂਸਰ ਵਿਖੇ ਪੂਜਨੀਕ ਮਾਤਾ ਭੁਪਿੰਦਰ ਕੌਰ ਜੀ ਦੀ ਯਾਦ ਵਿਚ ਮਨਾਏ ਜਾ ਰਹੇ ਮੇਲੇ ਸਮੇਂ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਹ ਉਹ ਪੁਰਾਤਨ ਅਤੇ ਇਤਿਹਾਸਕ ਸਥਾਨ ਹੈ, ਜਿਥੇ ਅਟੱਲ ਪ੍ਰਤਾਪੀ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦਾ ਆਨੰਦ ਕਾਰਜ ਪੂਜਨੀਕ ਮਾਤਾ ਭੁਪਿੰਦਰ ਕੌਰ ਜੀ ਨਾਲ 1914 ਈ. ਵਿੱਚ ਹੋਇਆ ਸੀ। ਉਸੇ ਸਥਾਨ ਨੂੰ ਨਵਾਂ ਨਿਵੇਕਲਾ ਰੂਪ ਦੇ ਕੇ ਸਤਿਗੁਰੂ ਉਦੇ ਸਿੰਘ ਜੀ ਨੇ ਸੰਭਾਲਿਆ ਹੈ ਅਤੇ ਸਥਾਨ ਨੂੰ ਨਵੀਂ ਦਿੱਖ ਪ੍ਰਦਾਨ ਕੀਤੀ ਹੈ। ਇਸੇ ਸਥਾਨ 'ਤੇ ਮਾਤਾ ਜੀ ਦੀ ਯਾਦ ਵਿੱਚ ਮੇਲਾ ਸਤਿਗੁਰੂ ਜੀ ਦੇ ਹਜ਼ੂਰ ਕੀਤਾ ਗਿਆ। ਮੇਲੇ ਦੀ ਸ਼ੁਰੂਆਤ ਸਮੇਂ ਸ. ਨਰਿੰਦਰ ਸਿੰਘ ਅਬਲੂਖੁਰਾਣਾ ਨੇ ਇੱਕ ਕਵਿਤਾ ਪੜ੍ਹੀ, ਮਹੰਤ ਬੂਟਾ ਸਿੰਘ ਫੂਲੇਵਾਲ ਨੇ ਕਥਾ ਕੀਤੀ, ਕਾਮਰੇਡ ਸ. ਸਵਰਨ ਸਿੰਘ ਵਿਰਕ ਜੀ ਨੇ ਇਤਿਹਾਸਕ ਪੱਖ ਨੂੰ ਪੇਸ਼ ਕੀਤਾ ਅਤੇ ਸੰਤ ਨਿਸ਼ਾਨ ਸਿੰਘ ਜੀ ਨੇ ਕਥਾ ਕੀਤੀ।

ਹਜ਼ੂਰੀ ਰਾਗੀ ਬਲਵੰਤ ਸਿੰਘ ਜੀ ਅਤੇ ਹਰਪ੍ਰੀਤ ਸਿੰਘ ਸੋਨੂੰ ਨੇ ਕੀਰਤਨ ਸਮੇਂ ਸ਼ਬਦ ਪੜ੍ਹਿਆ 'ਧੰਨ ਧੰਨ ਤੂੰ ਮਾਤਾ ਦੇਵਕੀ॥' ਸੂਬਾ ਸਰਬਜੀਤ ਸਿੰਘ ਨੇ ਇਲਾਕੇ ਦੀ ਸਾਧ ਸੰਗਤ ਵੱਲੋਂ ਸ੍ਰੀ ਸਤਿਗੁਰੂ ਜੀ ਅਤੇ ਮਾਤਾ ਗੁਰਸ਼ਰਨ ਕੌਰ ਜੀ ਨੂੰ ਜੀ ਆਇਆਂ ਆਖਿਆ ਅਤੇ ਸਤਿਗੁਰੂ ਜੀ ਦਾ ਦਰਸ਼ਨ ਦੇਣ 'ਤੇ ਧੰਨਵਾਦ ਕੀਤਾ। ਇੱਥੋਂ ਦੋ ਘਰਾਂ ਵਿਚ ਚਰਨ ਪਾਉਣ ਉਪਰੰਤ ਸਤਿਗੁਰੂ ਜੀ ਨੇ ਸ੍ਰੀ ਭੈਣੀ ਸਾਹਿਬ ਲਈ ਚਾਲੇ ਪਾਏ।

**ਸੂਬਾ ਬਲਵਿੰਦਰ ਸਿੰਘ ਝੱਲ**

..........................................................

## ਕੋਵਿਡ-19 ਟੀਕਾਕਰਨ ਦੀ ਮੁੰਹਿਮ

ਅਸੀਂ ਸਾਰੇ ਜਾਣਦੇ ਹੀ ਹਾਂ ਕਿ ਪੂਰੇ ਵਿਸ਼ਵ ਵਿੱਚ ਕੋਰੋਨਾ ਮਹਾਂਮਾਰੀ ਨੇ ਆਪਣਾ ਜਾਲ ਵਿਛਾਇਆ ਹੋਇਆ ਹੈ। ਇਸ ਦੇ ਬਚਾਅ ਲਈ ਸਿਹਤ ਵਿਭਾਗ ਵੱਲੋਂ ਸਮੇਂ-ਸਮੇਂ 'ਤੇ ਵਿਸ਼ੇਸ਼ ਕੈਂਪ ਲਗਾ ਕੇ ਕੋਵਿਡ-19 ਟੀਕਾਕਰਨ ਦੀ ਮੁੰਹਿਮ ਨੂੰ ਲੋਕਾਂ ਤੱਕ ਲਿਜਾਇਆ ਜਾ ਰਿਹਾ ਹੈ।

ਪਿੱਛਲੇ ਦਿਨੀਂ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਕਿਰਪਾ ਨਾਲ **31 ਅਗਸਤ 2021** ਦਿਨ ਮੰਗਲਵਾਰ ਨੂੰ ਨਾਮਧਾਰੀ ਸ਼ਹੀਦੀ ਸਮਾਰਕ, ਰਾਮ ਬਾਗ ਅੰਮ੍ਰਿਤਸਰ ਵੱਲੋਂ ਸਿਵਲ ਹਸਪਤਾਲ, ਅੰਮ੍ਰਿਤਸਰ ਦੇ ਸਹਿਯੋਗ ਨਾਲ ਇਕ ਵਿਸ਼ੇਸ਼ ਟੀਕਾਕਰਨ ਕੈਂਪ ਲਗਾਇਆ ਗਿਆ। ਨਾਮਧਾਰੀ ਵਿਦਿਅਕ ਜਥਾ ਅੰਮ੍ਰਿਤਸਰ ਦੇ ਨੌਜਵਾਨਾਂ ਦੇ ਸਾਂਝੇ ਉੱਦਮ ਸਦਕਾ ਲਗਾਏ ਕੈਂਪ ਦੌਰਾਨ ਕਰੀਬ 200 ਸਰੀਰਾਂ ਨੇ ਕੋਰੋਨਾ ਵਾਇਰਸ ਖਿਲਾਫ਼ ਟੀਕਾਕਰਨ ਕਰਵਾਇਆ, ਜਿਸ ਵਿੱਚ 18 ਸਾਲ ਤੋਂ ਉਪਰ ਸਰੀਰ ਸਨ। ਜਿਸ ਵਿਚ ਨਾਮਧਾਰੀ ਸੰਗਤ

ਤੋਂ ਇਲਾਵਾ ਹੋਰ ਲੋਕਾਂ ਨੇ ਵੀ ਟੀਕਾਕਰਨ ਕਰਵਾਇਆ। ਸਿਵਲ ਸਰਜਨ ਡਾ. ਰਘੂ ਜੀ ਨੇ ਕੋਰੋਨਾ ਬਿਮਾਰੀ ਤੋਂ ਬਚਾਅ ਅਤੇ ਵੈਕਸੀਨ ਬਾਰੇ ਵਿਸਥਾਰ ਪੂਰਵਕ ਜਾਣੂੰ ਕਰਵਾਇਆ ਤੇ ਕਿਹਾ ਕੇ "ਕੋਰੋਨਾ ਤੋਂ ਡਰਨ ਦੀ ਲੋੜ ਨਹੀਂ ਸਗੋਂ ਬਚਾਅ



ਲਈ ਸਿਹਤ ਵਿਭਾਗ ਵਲੋਂ ਜਾਰੀ ਛੋਟੀਆਂ-ਛੋਟੀਆਂ ਸਾਵਧਾਨੀਆਂ ਅਪਣਾ ਕੇ ਤੰਦੁਰਸਤ ਰਿਹਾ ਜਾ ਸਕਦਾ ਹੈ ਅਤੇ ਕੋਰੋਨਾ ਦੇ ਵੈਕਸੀਨ ਤੋਂ ਵੀ ਡਰਨ ਦੀ ਲੋੜ ਨਹੀਂ ਕਿਉਂ ਕਿ ਕੋਰੋਨਾ ਵਾਇਰਸ ਤੋਂ ਬਚਣ ਦਾ ਇਹ ਇੱਕੋ ਇੱਕ ਰਾਹ ਹੈ।" ਡਾਕਟਰ ਸਾਹਿਬ ਅਤੇ ਉਹਨਾਂ ਦੀ ਟੀਮ ਦਾ ਇਹ ਕਹਿਣਾ ਹੈ ਕਿ ਇਹ ਸਾਡਾ ਪਹਿਲਾ ਕੈਂਪ ਹੈ, ਜਿਸ ਵਿੱਚ ਨਾਮਧਾਰੀ ਨੌਜਵਾਨਾਂ ਨੇ ਬਹੁਤ ਤਰੀਕੇ ਨਾਲ ਸੇਵਾ ਨਿਭਾਈ ਹੈ ਤੇ ਉਹਨਾਂ ਦੇ ਕੰਮ ਨੂੰ ਬਹੁਤ ਸੁਖਾਲਾ ਕੀਤਾ ਹੈ। ਆਏ ਹੋਏ ਡਾਕਟਰ ਅਤੇ ਉਹਨਾਂ ਦੀ ਟੀਮ ਦਾ ਸੂਬਾ ਅਮਰੀਕ ਸਿੰਘ ਜੀ ਅਤੇ ਨਾਮਧਾਰੀ ਵਿਦਿਅਕ ਜਥਾ ਅੰਮ੍ਰਿਤਸਰ ਵੱਲੋਂ ਮਾਨ ਸਨਮਾਨ ਕੀਤਾ ਗਿਆ।

**ਰਾਜਾ ਸਿੰਘ ਭੰਗਵਾਂ**

.........................................................

## ਸ਼ਾਹੀ ਇਮਾਮ ਦੇ ਸ਼ਰਧਾਂਜਲੀ ਸਮਾਗਮ ਵਿਚ ਨਾਮਧਾਰੀ ਵਫ਼ਦ ਵੱਲੋਂ ਸ਼ਿਰਕਤ

ਪਿਛਲੇ ਦਿਨੀਂ ਪੰਜਾਬ ਦੇ ਸ਼ਾਹੀ ਇਮਾਮ ਮੌਲਾਨਾ ਹਬੀਬ-ਉਰ-ਰਹਿਮਾਨ ਸਾਨੀ 'ਲੁਧਿਆਣਵੀ' ਜੀ 10 ਸਤੰਬਰ 2021 ਨੂੰ ਸਰੀਰ ਤਿਆਗ ਗਏ। ਉਨ੍ਹਾਂ ਦੀ ਯਾਦ 'ਚ ਸ਼ਰਧਾਂਜਲੀ ਸਮਾਗਮ **19 ਸਤੰਬਰ 2021 ਨੂੰ ਜਾਮਾ ਮਸਜਿਦ (ਲੁਧਿਆਣਾ)** ਦੇ ਬਾਹਰ ਹੋਇਆ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਹੁਕਮ ਅਨੁਸਾਰ ਨਾਮਧਾਰੀ ਪੰਥ ਵੱਲੋਂ ਲੁਧਿਆਣੇ ਤੋਂ ਸੂਬਾ ਹਰਭਜਨ ਸਿੰਘ ਜੀ ਅਤੇ ਸ੍ਰੀ ਭੈਣੀ ਸਾਹਿਬ ਤੋਂ ਸੰਤ ਨਿਸ਼ਾਨ ਸਿੰਘ ਜੀ ਦੀ ਅਗਵਾਈ ਹੇਠ ਡਾ. ਅਵਤਾਰ ਸਿੰਘ, ਕਵੀ ਸੁਖਵਿੰਦਰ ਸਿੰਘ, ਨਿਰਮਲ ਸਿੰਘ ਭੱਟੀ, ਡਾ. ਹੀਰਾ ਸਿੰਘ, ਸੰਤ ਅਵਤਾਰ ਸਿੰਘ ਤੇ ਨਿਸ਼ਾਨ ਸਿੰਘ 'ਦਿੱਲੀ' ਇਸ ਸਮਾਗਮ 'ਚ ਸ਼ਾਮਲ ਹੋਏ। ਲਗਪਗ ਦੁਪਹਿਰ ਦੇ 3:15 ਕੁ ਵਜੇ ਸ੍ਰੀ ਸਤਿਗੁਰੂ ਜੀ ਵੱਲੋਂ ਭੇਜੀ ਗਈ ਦਸਤਾਰ, ਲੋਈ, ਕੁਝ ਇਤਿਹਾਸਕ ਪੁਸਤਕਾਂ ਅਤੇ ਪੰਥਕ ਚਿੰਨ੍ਹ, ਮਾਲਾ ਤੇ ਗੜਵਾ ਨਵੇਂ ਬਣੇ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਜੀ ਨੂੰ ਭੇਂਟ ਕੀਤੇ।

ਸਟੇਜ 'ਤੇ ਬੋਲਦਿਆਂ ਸੰਤ ਨਿਸ਼ਾਨ ਸਿੰਘ ਜੀ ਨੇ ਦੱਸਿਆ ਇਸ ਪਰਿਵਾਰ ਦੇ ਬਜ਼ੁਰਗ ਬੁੱਢਾ ਦਰਿਆ 'ਤੇ ਇਸ਼ਨਾਨ ਕਰਦਿਆਂ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੂੰ ਮਿਲੇ ਤਾਂ ਉਨ੍ਹਾਂ ਨੇ 'ਬੰਦਗੀ ਦੀ ਦਾਤ ਪ੍ਰਾਪਤ ਹੋਵੇ' ਲਈ ਅਰਜ਼ ਕੀਤੀ। ਸਤਿਗੁਰੂ ਜੀ ਬਚਨ ਕੀਤਾ ਸਵੇਰੇ ਅੰਮ੍ਰਿਤ ਵੇਲੇ ਉੱਠ ਸਰੀਰ ਨੂੰ ਪਵਿੱਤਰ ਕਰ ਖ਼ੁਦਾ ਅੱਗੇ ਬੇਨਤੀ ਕਰਨੀ ਕਿ ਸਾਨੂੰ ਇਸ ਯੁੱਗ ਦੀ ਬੰਦਗੀ ਪ੍ਰਾਪਤ ਹੋਵੇ। ਤੁਹਾਡੇ 'ਤੇ ਆਪੇ ਕ੍ਰਿਪਾ ਹੋ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸੀ ਪਰਿਵਾਰ ਦੇ



ਬਜ਼ੁਰਗ ਮੌਲਾਨਾ ਹਬੀਬ-ਉਰ-ਰਹਿਮਾਨ 'ਲੁਧਿਆਣਵੀ' ਵੀ ਵੱਡੇ ਆਜ਼ਾਦੀ ਘੁਲਾਟੀਏ ਹੋਏ ਹਨ। ਉਨ੍ਹਾਂ ਦੇ ਸਤਿਗੁਰੂ ਪ੍ਰਤਾਪ ਸਿੰਘ ਜੀ ਨਾਲ ਨੇੜਲੇ ਸੰਬੰਧ ਸਨ। ਅੱਜ ਵੀ ਇਕ ਤਸਵੀਰ ਪ੍ਰਾਪਤ ਹੈ ਜਿਸ ਵਿੱਚ ਮੌਲਾਨਾ ਸਾਹਿਬ ਤੇ ਸ੍ਰੀ ਸਤਿਗੁਰੂ ਜੀ ਕਈ ਹੋਰ ਆਜ਼ਾਦੀ ਸੰਗਰਾਮੀਆਂ ਦੇ ਨਾਲ ਬੈਠੇ ਹਨ।

ਇਹ ਪਰਿਵਾਰ ਪੀੜ੍ਹੀ ਦਰ ਪੀੜ੍ਹੀ ਆਪਣੇ ਨਾਮ ਨਾਲ 'ਲੁਧਿਆਣਵੀ' ਜ਼ਰੂਰ ਲਿਖਦੇ ਹਨ। ਮੌਜੂਦਾ ਸ਼ਾਹੀ ਇਮਾਮ ਮੌਲਾਨਾ ਉਸਮਾਨ ਰਹਿਮਾਨੀ 'ਲੁਧਿਆਣਵੀ' ਜੀ ਨੇ ਇੱਕ ਵਡਮੁੱਲੀ ਰਚਨਾ 'ਦਾਸਤਾਨ-ਏ-ਲੁਧਿਆਣਾ' ਆਪਣੀ ਪੀ.ਐੱਚ.ਡੀ. ਦੌਰਾਨ ਲਿਖੀ ਹੈ। ਜਿਸ ਵਿੱਚ ਉਨ੍ਹਾਂ ਨੇ ਲੁਧਿਆਣਾ ਪਰਗਨੇ ਦੀਆਂ ਵਿਸ਼ੇਸ਼ ਸ਼ਖ਼ਸੀਅਤਾਂ, ਥਾਂਵਾਂ ਤੇ ਘਟਨਾਵਾਂ ਨੂੰ ਕਲਮ-ਬੰਦ ਕੀਤਾ ਹੈ। ਜੋ ਕਿ ਇਤਿਹਾਸ ਤੇ ਸਾਹਿਤਕ ਪੱਖੋਂ ਇਕ ਨਿਵੇਕਲਾ ਤੇ ਸ਼ਲਾਘਾਯੋਗ ਕਾਰਜ ਹੈ। ਨਾਮਧਾਰੀ ਦਰਬਾਰ ਜਿੱਥੇ ਮਰਹੂਮ ਮੌਲਾਨਾ ਹਬੀਬ-ਉਰ-ਰਹਿਮਾਨ ਲੁਧਿਆਣਵੀ ਜੀ ਦੇ ਇੰਤਕਾਲ 'ਤੇ ਸ਼ੋਕ ਪ੍ਰਗਟ ਕਰਦਾ ਹੈ ਉੱਥੇ ਹੀ ਇਹ ਉਮੀਦ ਰੱਖਦਾ ਹੈ ਕਿ ਨਵੇਂ ਸ਼ਾਹੀ ਇਮਾਮ ਮੌਲਾਨਾ ਮੁਹੰਮਦ ਉਸਮਾਨ ਰਹਿਮਾਨੀ ਲੁਧਿਆਣਵੀ ਜੀ ਆਪਣੇ ਵਾਲਿਦ ਸਾਹਿਬ ਵਾਂਗਰਾਂ ਹੀ ਪ੍ਰੇਮ ਤੇ ਪਰਉਪਕਾਰ ਦੇ ਮੁੱਦਈ ਬਣ ਆਪਸੀ ਭਾਈਚਾਰਕ 'ਤੇ ਸਾਂਝੀਵਾਲਤਾ ਦੀਆਂ ਤੰਦਾਂ ਨੂੰ ਹੋਰ ਮਜ਼ਬੂਤ ਕਰਨਗੇ।

**ਨਿਸ਼ਾਨ ਸਿੰਘ ਦਿੱਲੀ**

............................................................

## ਸ੍ਰੀ ਸਤਿਗੁਰੂ ਜੀ ਦੀ ਹਜ਼ੂਰੀ ਵਿੱਚ ਅੰਮ੍ਰਿਤਸਰ ਸਾਕੇ ਦੇ ਸ਼ਹੀਦਾਂ ਦਾ ਮੇਲਾ

**15-9-2021, ਅੰਮ੍ਰਿਤਸਰ-** ਸ੍ਰੀ ਸਤਿਗੁਰੂ ਰਾਮ ਸਿੰਘ ਜੀ ਦੁਆਰਾ ਦੇਸ਼ ਦੀ ਆਜ਼ਾਦੀ ਲਈ ਅੰਗਰੇਜ਼ ਹਕੂਮਤ ਖ਼ਿਲਾਫ਼ 12 ਅਪ੍ਰੈਲ 1857 ਨੂੰ ਆਰੰਭ ਕੀਤੇ ਕੂਕਾ ਅੰਦੋਲਨ ਨੂੰ ਅਪਨਾਉਂਦੇ ਹੋਏ ਅੰਮ੍ਰਿਤਸਰ ਦੇ ਨਾਲ ਲੱਗਦੇ ਇਲਾਕੇ ਦੇ ਨਾਮਧਾਰੀ ਸਿੰਘਾਂ ਨੇ ਦੇਸ਼ ਦੀ ਆਜ਼ਾਦੀ ਅਤੇ ਪਵਿੱਤਰ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੀ ਪਵਿੱਤਰਤਾ ਨੂੰ ਕਾਇਮ ਰੱਖਣ ਲਈ ਅੰਗਰੇਜ਼ ਸਰਕਾਰ ਦੀ ਨੀਤੀ ਦੇ ਖਿਲਾਫ਼ ਖੰਡਾ ਖੜਕਾਇਆ। ਅੰਮ੍ਰਿਤਸਰ ਵਿੱਚ ਅੰਗਰੇਜ਼ ਸਰਕਾਰ ਨੇ ਗਊ ਬੱਧ ਕਰਨ ਲਈ ਇਜਾਜ਼ਤ ਦੇ ਕੇ ਬੁੱਚੜਖਾਨੇ ਖੋਲ੍ਹ ਦਿੱਤੇ। ਇਕ ਬੁੱਚੜਖਾਨਾ ਸ੍ਰੀ ਹਰਿਮੰਦਰ ਸਾਹਿਬ ਦੇ ਨਜ਼ਦੀਕ ਹੀ ਖੋਲ੍ਹਿਆ ਗਿਆ। ਜਿੱਥੇ ਬੁੱਚੜ ਗਊਆਂ ਕਤਲ ਕਰਕੇ ਸ਼ਰ੍ਹੇਆਮ ਗਊ ਮਾਸ ਵੇਚਦੇ ਸੀ। ਇਨ੍ਹਾਂ ਸਿੰਘਾਂ ਨੇ ਇਸ ਬੇਅਦਬੀ ਨੂੰ ਨਾ ਸਹਾਰਦੇ ਹੋਏ, 14-15 ਜੂਨ 1871 ਦੇਰ ਰਾਤ ਨੂੰ ਬੁੱਚੜਖਾਨੇ 'ਤੇ ਹਮਲਾ ਕਰਕੇ ਬੁੱਚੜਾਂ ਨੂੰ ਮਾਰ ਮੁਕਾਇਆ ਅਤੇ ਗਊਆਂ ਨੂੰ ਆਜ਼ਾਦ ਕਰ ਦਿੱਤਾ। ਇਸ ਕਾਰਨਾਮੇ ਦੇ ਕਸੂਰ ਵਿਚ ਅੰਗਰੇਜ਼ ਪੁਲਿਸ ਅਫ਼ਸਰਾਂ ਨੇ ਬੇਦੋਸ਼ਿਆਂ ਨੂੰ ਕੁੱਟਮਾਰ ਕਰਕੇ ਜ਼ੁਲਮ ਕਬੂਲ ਕਰਾ ਲਿਆ। ਉਧਰ ਇਨ੍ਹਾਂ ਸਿੰਘਾਂ ਨੂੰ ਸ੍ਰੀ ਸਤਿਗੁਰੂ ਰਾਮ ਸਿੰਘ ਜੀ ਨੇ ਸਹੀ ਰਸਤਾ ਦਿਖਾਉਂਦੇ ਹੋਏ ਆਪਣਾ ਜ਼ੁਰਮ ਕਬੂਲ ਕਰਨ ਲਈ ਹੁਕਮ ਕੀਤਾ। ਇਨ੍ਹਾਂ ਸਿੰਘਾਂ ਨੇ ਹੁਕਮ ਮੰਨ ਕੇ ਅੰਮ੍ਰਿਤਸਰ ਕਚਹਿਰੀ ਵਿੱਚ ਜਾ ਕੇ ਜ਼ੁਰਮ ਇਕਬਾਲ ਕੀਤਾ। ਜਿਸ 'ਤੇ ਚਾਰ ਸਿੰਘਾਂ ਨੂੰ ਫਾਂਸੀ ਦੀ ਸਜ਼ਾ ਤੇ ਦੋ ਨੂੰ ਕਾਲੇ ਪਾਣੀ ਦੀ ਸਜ਼ਾ ਮਿਲੀ। ਝੰਡਾ ਸਿੰਘ ਨੂੰ ਦੋ ਸਾਲ ਬਾਅਦ 1873 ਈ. ਨੂੰ ਫਾਂਸੀ ਦੀ ਸਜ਼ਾ ਦਿੱਤੀ ਗਈ। ਕੁਝ ਸਿੰਘ ਜੋ ਇਸ ਸਾਕੇ ਵਿਚ ਹੋਰ ਵੀ ਸ਼ਾਮਲ ਸਨ, ਉਹ ਅੰਗਰੇਜ਼ ਦੀ ਪਕੜ ਵਿੱਚ ਨਾ ਆਏ। ਇਸ ਸਾਕੇ ਵਿੱਚ ਸ਼ਾਮਿਲ ਸਾਰੇ ਹੀ ਨਾਮਧਾਰੀ ਸ਼ਹੀਦਾਂ ਦੀ ਯਾਦ ਵਿੱਚ ਸਾਲਾਨਾ ਸਮਾਗਮ ਹਾਜ਼ਰਾ ਹਜ਼ੂਰ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੀ ਪਾਵਨ ਹਜ਼ੂਰੀ ਵਿੱਚ ਕਰਵਾਇਆ ਗਿਆ। ਕੋਰੋਨਾ ਮਹਾਂਮਾਰੀ ਦੀਆਂ ਪਾਬੰਦੀਆਂ ਕਾਰਨ ਇਹ ਸਮਾਗਮ ਸ੍ਰੀ ਸਤਿਗੁਰੂ ਜੀ ਦੇ ਹੁਕਮਾਂ ਅਨੁਸਾਰ ਸੀਮਤ ਸਮੇਂ ਸਵੇਰੇ 4 ਵਜੇ ਤੋਂ ਲੈ ਕੇ 9 ਵਜੇ ਤੱਕ ਹੀ ਕੀਤਾ ਗਿਆ।

ਆਸਾ ਦੀ ਵਾਰ ਦਾ ਕੀਰਤਨ ਸਵੇਰੇ ਸਾਢੇ ਚਾਰ ਵਜੇ ਹਜ਼ੂਰੀ ਰਾਗੀ ਸੰਤ ਬਲਵੰਤ ਸਿੰਘ ਜੀ ਦੇ ਰਾਗੀ ਜਥੇ ਨੇ ਕੀਤਾ, ਜਿਨ੍ਹਾਂ ਦਾ ਸਾਥ ਤਬਲੇ 'ਤੇ ਸੰਤ ਹਰਪ੍ਰੀਤ ਸਿੰਘ ਸੋਨੂੰ, ਰਾਗੀ ਸਤਨਾਮ ਸਿੰਘ ਅਤੇ ਸੰਤਾ ਸਿੰਘ ਨੇ ਦਿੱਤਾ।



ਰਾਗੀ ਜਥੇ ਨੇ ਵੈਰਾਗ ਮਈ ਕੀਰਤਨ ਕਰਦੇ ਹੋਏ ਬੀਰ ਰਸੀ ਸ਼ਬਦ 'ਜਉ ਤਉ ਪ੍ਰੇਮ ਖੇਲਣ ਕਾ ਚਾਉ', 'ਸੀਸ ਜਾਏ ਤਾਂ ਜਾਏ ਮੇਰਾ ਸਿੱਖੀ ਸਿਦਕ ਨਾ ਜਾਏ' ਆਸਾ ਦੀ ਵਾਰ ਵਿੱਚ ਗਾਏ।

ਸ੍ਰੀ ਸਤਿਗੁਰੂ ਜੀ ਦੇ ਪਾਵਨ ਦਰਸ਼ਨ ਆਸਾ ਦੀ ਵਾਰ ਦੇ ਕੀਰਤਨ ਆਰੰਭ ਹੋਣ ਦੇ ਸਮੇਂ ਹੀ ਹੋ ਗਏ। ਪਾਤਸ਼ਾਹ ਜੀ ਦੀ ਆਮਦ ਨੇ ਸੰਗਤ ਵਿੱਚ ਖੁਸ਼ੀ ਦੀ ਬਰਸਾਤ ਕਰ ਦਿੱਤੀ। ਪਾਤਸ਼ਾਹ ਜੀ ਸਟੇਜ 'ਤੇ ਸਜੀ ਸੁੰਦਰ ਪਾਲਕੀ ਵਿੱਚ ਸੁਸ਼ੋਭਿਤ ਹੋ ਕੇ ਸੰਗਤਾਂ ਦੇ ਮਨਾਂ ਦੀ ਪਿਆਸ ਨੂੰ ਦਰਸ਼ਨਾਂ ਨਾਲ ਸ਼ਾਂਤ ਕੀਤਾ।

ਕਵੀਸ਼ਰੀ ਰੰਗ ਵਿੱਚ ਸ਼ਹੀਦੀ ਇਤਿਹਾਸ ਆਸਾ ਦੀ ਵਾਰ ਦੇ ਭੋਗ ਉਪਰੰਤ ਸ੍ਰੀ ਭੈਣੀ ਸਾਹਿਬ ਤੋਂ ਆਏ ਨੌਜਵਾਨ ਕਵੀਸ਼ਰ ਗੁਰਲਾਲ ਸਿੰਘ, ਗੁਰਭਗਤ ਸਿੰਘ ਤੇ ਰਣਜੀਤ ਸਿੰਘ ਨੇ ਸ਼ਹੀਦਾਂ ਦਾ ਇਤਿਹਾਸ ਸੰਗਤਾਂ ਨੂੰ ਸੁਣਾ ਕੇ ਖ਼ੂਬ ਕਵੀਸ਼ਰੀ ਰੰਗ ਬੰਨ੍ਹਿਆ।

**ਵਿਦਵਾਨਾਂ ਦੇ ਵਖਿਆਨ**- ਇਸ ਸਮਾਗਮ ਵਿਚ ਵਿਦਵਾਨੀ ਦੇ ਖੇਤਰ ਵਿੱਚ ਉੱਚੇ ਪਹਿਚਾਣ ਰੱਖਣ ਵਾਲੇ ਸੁਘੜ ਸਿਆਣੇ ਇਤਿਹਾਸਕਾਰ ਲੇਖਕ ਸੁਵਰਨ ਸਿੰਘ ਵਿਰਕ ਜੀ ਨੇ ਆਪਣੇ ਵਿਚਾਰਾਂ ਨਾਲ ਸ਼ਹੀਦਾਂ ਦੇ ਅਮੀਰ ਵਿਰਸੇ ਨਾਲ ਸੰਗਤਾਂ ਨੂੰ ਜਾਣੂੰ ਕਰਾਇਆ। ਉਨ੍ਹਾਂ ਦਾ ਵਾਹ ਨਾਮਧਾਰੀ ਪੰਥ ਦੇ ਗਿਆਨਵਾਨ ਗੁਰਬਾਣੀ ਦੇ ਗਿਆਤਾ ਸੰਤ ਨਿਸ਼ਾਨ ਸਿੰਘ ਜੀ ਸ੍ਰੀ ਭੈਣੀ ਸਾਹਿਬ ਨੇ ਸ਼ਹੀਦਾਂ ਦੇ ਇਤਿਹਾਸ 'ਤੇ ਚਾਨਣਾ ਪਾਇਆ।



**ਮੇਲੇ ਦੀ ਸੇਵਾ**- ਇਸ ਮੇਲੇ ਦੀ ਸੇਵਾ ਸੂਬਾ ਅਮਰੀਕ ਸਿੰਘ ਜੀ ਨੇ ਪਰਿਵਾਰ ਸਹਿਤ ਸ਼ਰਧਾ ਨਾਲ ਕੀਤੀ। ਉਨ੍ਹਾਂ ਨੇ ਤਿਲ ਫੁਲ ਭੇਟ ਕਰ ਸ੍ਰੀ ਸਤਿਗੁਰੂ ਜੀ ਨੂੰ ਨਮਸਕਾਰ ਕੀਤੀ ਅਤੇ ਬਖਸ਼ਿਸ਼ ਮੰਗੀ।

ਪਵਿੱਤਰ ਉਪਦੇਸ਼ ਸ੍ਰੀ ਸਤਿਗੁਰੂ ਜੀ ਨੇ ਸਾਧ ਸੰਗਤ ਦੇ ਭਲੇ ਲਈ ਕਲਿਆਣਕਾਰੀ ਉਪਦੇਸ਼ ਦਿੰਦਿਆਂ ਸਾਧ ਸੰਗਤ ਨੂੰ ਈਰਖਾ ਦਵੈਸ਼ ਛੱਡ ਕੇ ਅੰਮ੍ਰਿਤ ਵੇਲੇ ਉੱਠ ਕੇ ਰੋਜ਼ਾਨਾ ਭਜਨ ਬਾਣੀ ਕਰਨ ਅਤੇ ਸ਼ਹੀਦਾਂ ਦੇ ਕੁਰਬਾਨੀ ਭਰੇ ਇਤਿਹਾਸ ਨਾਲ ਆਉਣ ਵਾਲੀ ਪੀੜ੍ਹੀ ਨੂੰ ਜੋੜਨ ਲਈ ਯਤਨਸ਼ੀਲ ਰਹਿਣ ਲਈ ਆਖਿਆ।

ਵਿੱਦਿਅਕ ਜਥੇ ਨਾਲ ਵਿਸ਼ੇਸ਼ ਇਕੱਤਰਤਾ

ਮੇਲੇ ਦੇ ਭੋਗ ਤੋਂ ਬਾਅਦ ਨੌਜਵਾਨ ਲੜਕੇ ਲੜਕੀਆਂ ਨੂੰ ਸ੍ਰੀ ਸਤਿਗੁਰੂ ਜਗਜੀਤ ਸਿੰਘ ਯਾਦਗਾਰੀ ਹਾਲ ਅੰਦਰ ਇਕੱਤਰ ਕਰਕੇ ਉਨ੍ਹਾਂ ਦੇ ਵਿਚਾਰ ਸੁਣੇ, ਜਿਨ੍ਹਾਂ ਵਿੱਚ ਵੱਖ-ਵੱਖ ਨੌਜਵਾਨਾਂ ਨੇ ਆਪਣੇ ਵਿਚਾਰ ਅਤੇ ਵਿੱਦਿਅਕ ਜਥਿਆਂ ਦੀ ਰਿਪੋਰਟ ਸਤਿਗੁਰੂ ਜੀ ਦੇ ਸਨਮੁੱਖ ਪੇਸ਼ ਕੀਤੀ। ਜਿਨ੍ਹਾਂ ਵਿੱਚ ਰਾਜਾ ਸਿੰਘ, ਮਨਦੀਪ ਸਿੰਘ, ਸੁਖਚੈਨ ਸਿੰਘ, ਸਵਰਨ ਸਿੰਘ, ਪਰਮਜੀਤ ਸਿੰਘ, ਰਣਬੀਰ ਸਿੰਘ, ਮਨਪ੍ਰੀਤ ਕੌਰ, ਉੱਜਲ ਕੌਰ ਅਤੇ ਮਨਪ੍ਰੀਤ ਕੌਰ ਸ਼ਾਮਿਲ ਸਨ। ਸ੍ਰੀ ਸਤਿਗੁਰੂ ਜੀ ਨੇ ਨੌਜਵਾਨਾਂ ਨੂੰ ਕੁਝ ਸੁਝਾਅ ਤੇ ਹੁਕਮ ਦੇ ਕੇ ਪ੍ਰੇਰਨਾ ਦਿੱਤੀ।

**ਘਰਾਂ ਵਿੱਚ ਪਵਿੱਤਰ ਚਰਨ ਪਾਏ**- ਸੂਬਾ ਨੱਥਾ ਸਿੰਘ ਜੋ ਕਿ ਬਿਮਾਰ ਹਨ, ਸਤਿਗੁਰੂ ਜੀ ਨੇ ਉਨ੍ਹਾਂ ਦੇ ਗ੍ਰਹਿ ਵਿਖੇ ਦਰਸ਼ਨ ਦਿੱਤੇ ਅਤੇ ਉਨ੍ਹਾਂ ਦਾ ਹਾਲ-ਚਾਲ ਜਾਣਿਆ। ਡਾ. ਕੁਲਦੀਪ ਸਿੰਘ ਨੀਲੋਂ ਦੇ ਪਿਤਾ ਜੀ ਚੜ੍ਹਾਈ ਕਰ ਗਏ ਸਨ, ਉਨ੍ਹਾਂ ਦੇ ਘਰ ਚਰਨ ਪਾਏ ਅਤੇ ਪਰਿਵਾਰ ਨੂੰ ਹੌਸਲਾ ਦਿੱਤਾ। ਹਰਸ਼ਿੰਦਰ ਸਿੰਘ ਪਿੰਡ ਕੰਬੋ ਦੇ ਘਰ ਸ੍ਰੀ ਸਤਿਗੁਰੂ ਜੀ ਨੇ ਪਹਿਲੀ ਵਾਰ ਚਰਨ ਪਾਏ ਅਤੇ ਖੁਸ਼ੀਆਂ ਦਿੱਤੀਆਂ। ਸਰਬਜੀਤ ਸਿੰਘ ਬੈਂਕ ਵਾਲੇ ਦੇ ਨਵੇਂ ਗ੍ਰਹਿ ਵਿਖੇ ਚਰਨ ਪਾਏ ਅਤੇ ਉਨ੍ਹਾਂ ਦੇ ਦੋਹਤਰੇ ਨੂੰ ਦਸਤਾਰ ਸਜਾਈ ਅਤੇ ਭਰਾਵਾਂ ਦੇ ਘਰ ਵੀ ਕਿਰਪਾ ਕੀਤੀ। ਸੂਬਾ ਅਮਰੀਕ ਸਿੰਘ ਦੇ ਗ੍ਰਹਿ ਵਿਖੇ ਸਤਿਗੁਰੂ ਜੀ ਨੇ ਪ੍ਰਸ਼ਾਦਾ ਛਕਣ ਤੋਂ ਬਾਅਦ ਭੱਟੀ ਫਾਰਮ ਨੇੜੇ ਤਾਰਾਂ ਵਾਲਾ ਪੁਲ ਵਿਖੇ ਇਕ ਪਰਿਵਾਰ ਨੂੰ ਦਰਸ਼ਨ ਦਿੱਤੇ। ਇਸ ਪਰਿਵਾਰ ਦਾ ਪਿਛੋਕੜ ਨਾਮਧਾਰੀ ਸੀ, ਜਿਨ੍ਹਾਂ ਨੂੰ ਪਾਤਸ਼ਾਹ ਜੀ ਨੇ ਗੁਰਸਿੱਖੀ ਜੀਵਨ 'ਤੇ ਚੱਲਣ ਦਾ ਬਚਨ ਕੀਤਾ। ਕਰਤਾਰ ਸਿੰਘ ਦੇ ਪਰਿਵਾਰ ਦੀ ਨਵੀਂ ਰਿਹਾਇਸ਼ 'ਤੇ ਨਿਊ ਅੰਮ੍ਰਿਤਸਰ ਦਰਸ਼ਨ ਦਿੱਤੇ।

**ਮੇਲੇ ਦੀਆਂ ਤਿਆਰੀਆਂ ਦੀ ਸੇਵਾ**- ਅੰਮ੍ਰਿਤਸਰ ਦੀ ਸੰਗਤ ਨੇ ਮੇਲੇ ਨੂੰ ਨੇਪਰੇ ਚਾੜ੍ਹਨ ਲਈ ਸ਼ਰਧਾ ਨਾਲ ਸੇਵਾ ਕੀਤੀ। ਵਿੱਦਿਅਕ ਜਥਾ ਸ਼ਹਿਰੀ, ਦਿਹਾਤੀ, ਇਸਤਰੀ ਵਿੱਦਿਅਕ ਜਥਾ ਦੇ ਲੜਕੇ ਲੜਕੀਆਂ ਨੇ ਪ੍ਰਧਾਨ ਰਣਜੀਤ ਸਿੰਘ, ਆਸਾ ਸਿੰਘ, ਮਨਪ੍ਰੀਤ ਕੌਰ ਦੀ ਦੇਖ ਰੇਖ ਹੇਠ ਸਾਫ਼

ਸਫ਼ਾਈ ਲੰਗਰ ਬਣਾਉਣ ਵਰਤਾਉਣ ਦੀ ਸੇਵਾ ਸ਼ਰਧਾ ਨਾਲ ਕੀਤੀ। ਮੇਲੇ ਦੇ ਪ੍ਰਬੰਧਾਂ ਲਈ ਸੂਬਾ ਅਮਰੀਕ ਸਿੰਘ, ਗੁਰਭੇਜ ਸਿੰਘ ਤਰਨਤਾਰਨ, ਰਵਿੰਦਰ ਸਿੰਘ ਜੌਹਲ, ਜਥੇਦਾਰ ਦਵਿੰਦਰ ਸਿੰਘ ਕੋਹਲੀ, ਰਾਜਿੰਦਰ ਸਿੰਘ ਭੰਗਵਾਂ, ਬਲਵਿੰਦਰ ਸਿੰਘ ਡਾਲਾ ਨੇ ਸ੍ਰੀ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਦਿਨ ਰਾਤ ਸੇਵਾ ਵਿਚ ਹਿੱਸਾ ਲਿਆ। ਇਸ ਮੇਲੇ ਵਿੱਚ ਵੱਖ-ਵੱਖ ਜ਼ਿਲ੍ਹਿਆਂ ਤੋਂ ਸੂਬਾ ਹਰਭਜਨ ਸਿੰਘ ਲੁਧਿਆਣਾ, ਸੂਬਾ ਅਜੀਤ ਸਿੰਘ ਬਟਾਲਾ, ਸੂਬਾ ਸ਼ਾਮ ਸਿੰਘ ਤਰਨਤਾਰਨ, ਸੂਬਾ ਬਲਵਿੰਦਰ ਸਿੰਘ ਚੱਕ ਯਕੂਬ, ਸੰਤ ਹਰਦੇਵ ਸਿੰਘ ਬਿਜਲੀਵਾਲ, ਸੰਤ ਪਾਲ ਸਿੰਘ ਸੋਢੀ, ਸੰਤ ਜਤਿੰਦਰਪਾਲ ਸਿੰਘ ਚਿੰਕਾ, ਸੰਤ ਕਰਨਪਾਲ ਸਿੰਘ, ਸੂਰਤ ਪਾਲ ਸਿੰਘ ਅਤੇ ਹੋਰ ਸੰਗਤਾਂ ਹਾਜ਼ਰ ਹੋਈਆਂ। ਸਟੇਜ ਸਕੱਤਰ ਦੀ ਸੇਵਾ ਰਵਿੰਦਰ ਸਿੰਘ ਜੌਹਲ ਨੇ ਨਿਭਾਈ। ਸਤਿਗੁਰੂ ਜੀ ਅੱਗੇ ਤੋਂ ਸੰਗਤਾਂ ਨੂੰ ਵੱਧ ਚੜ੍ਹ ਕੇ ਸੇਵਾ ਕਰਨ ਦਾ ਬਲ ਬਖ਼ਸ਼ਣ।

**ਰਵਿੰਦਰ ਸਿੰਘ ਜੌਹਲ**

..........................................................

## ਬੀਬੀ ਦਰਸ਼ਨ ਕੌਰ ਜੀਵਨ ਪੁਗਾ ਗਏ

ਬੀਬੀ ਦਰਸ਼ਨ ਕੌਰ ਪਿਛਲੇ ਦਿਨੀਂ **24 ਅਗਸਤ 2021** ਨੂੰ ਲਗਪਗ 70 ਕੁ ਸਾਲ ਦੀ ਆਯੂ ਭੋਗ ਗੁਰੂ ਚਰਨਾਂ 'ਚ ਜਾ ਬਿਰਾਜੇ। ਉਨ੍ਹਾਂ ਦਾ ਜਨਮ 2 ਅਕਤੂਬਰ 1952 ਈ. ਨੂੰ ਪਿਤਾ ਜੋਗਿੰਦਰ ਸਿੰਘ ਤੇ ਮਾਤਾ ਸੁਰਜੀਤ ਕੌਰ ਘਰ ਹੋਇਆ। ਸੰਤ ਹਜ਼ਾਰਾ ਸਿੰਘ ਜੀ ਨਾਲ ਆਨੰਦ ਕਾਰਜ ਹੋਇਆ। ਸੰਤ ਹਜ਼ਾਰਾ ਸਿੰਘ ਜੀ ਨਾਮਧਾਰੀ ਸਾਧ ਸੰਗਤ ਸ਼ਾਮ ਨਗਰ, ਵਿਸ਼ਨੂੰ ਗਾਰਡਨ, ਦਿੱਲੀ ਦੇ ਪ੍ਰਧਾਨ ਹਨ। ਲਗਪਗ 40 ਸਾਲ ਤਾਂ ਨਾਮਧਾਰੀ ਪੰਥ ਦੇ ਵੱਡੇ ਮੇਲਿਆਂ 'ਚ ਸਾਧ ਸੰਗਤ ਦੇ ਜੋੜੇ ਸਾਂਭਣ ਦੀ ਸੇਵਾ ਨਿਭਾ ਰਹੇ ਹਨ। ਬੀਬੀ ਜੀ ਹਰ ਥਾਂ ਸਾਧ ਸੰਗਤ ਦੀ ਸੇਵਾ ਵੱਧ ਚੜ੍ਹ ਕੇ ਕਰਦੇ ਰਹੇ। ਭਾਵੇਂ ਉਹ ਗੁਰਦੁਆਰੇ ਲੰਗਰ



ਪਕਾਉਣ ਦੀ ਸੇਵਾ ਹੋਵੇ ਭਾਂਡੇ ਮਾਂਜਣ ਦੀ ਹੋਵੇ ਜਾਂ ਝਾੜੂ ਮਾਰਨ ਦੀ ਹੋਵੇ। ਪਰਿਵਾਰ ਵਜੋਂ ਇਕ ਸਪੁੱਤਰ ਪਰਮਜੀਤ ਸਿੰਘ ਪੰਮਾ ਤੇ ਦੋ ਸਪੁੱਤਰੀਆਂ ਬੀਬੀ ਬਲਵਿੰਦਰ ਕੌਰ ਤੇ ਕੰਵਲਜੀਤ ਕੌਰ ਹਨ। ਸਾਰਾ ਪਰਿਵਾਰ ਹੀ ਸਤਿਗੁਰੂ ਉਦੇ ਸਿੰਘ ਜੀ ਦੇ ਪ੍ਰਤੀ ਅਥਾਹ ਸ਼ਰਧਾ ਰੱਖਦਾ ਹੈ। ਬੀਬੀ ਜੀ ਨਮਿੱਤ ਅੰਤਿਮ ਅਰਦਾਸ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਵਿਖੇ 3 ਸਤੰਬਰ 2021 ਨੂੰ ਹੋਈ। ਜਥੇਦਾਰ ਨਿਸ਼ਾਨ ਸਿੰਘ ਤੇ ਮਹੰਤ ਪ੍ਰੀਤਮ ਸਿੰਘ ਜੀ ਨੇ ਹੱਲੇ ਦੇ ਦੀਵਾਨ ਸਜਾਏ।

..........................................................

## ਸੰਤ ਗੁਰਮੁਖ ਸਿੰਘ ਖੁਰਾਣਾ ਨਹੀਂ ਰਹੇ

ਪਿਛਲੀ ਦਿਨੀਂ **16 ਅਗਸਤ 2021** ਨੂੰ ਇੱਕ ਰੋਡ ਐਕਸੀਡੈਂਟ ਵਿੱਚ ਸੰਤ ਗੁਰਮੁਖ ਸਿੰਘ ਜੀ ਪਰਿਵਾਰ ਤੇ ਸੰਸਾਰ ਨੂੰ ਸਦਾ ਲਈ ਅਲਵਿਦਾ ਆਖ ਗਏ। ਉਨ੍ਹਾਂ ਦੇ ਜਾਣ ਨਾਲ ਪਰਿਵਾਰ ਦੇ ਨਾਲ-ਨਾਲ ਨਾਮਧਾਰੀ ਸੰਗਤ ਤੇ ਕਲੋਨੀ ਯਮਨਾ ਪਾਰ ਦਿੱਲੀ ਨੂੰ ਵੱਡਾ ਘਾਟਾ ਪਿਆ ਹੈ। ਹਰ ਧਾਰਮਿਕ ਸਮਾਗਮ ਅੰਦਰ ਤਨ, ਮਨ, ਧਨ ਨਾਲ ਵੱਧ ਚੜ੍ਹ ਕੇ ਉਹ ਹਮੇਸ਼ਾਂ ਸੇਵਾ ਕਰਿਆ ਕਰਦੇ ਸਨ। ਵੱਡੇ ਪੁਰਸ਼ਾਰਥੀ ਵੀ ਸਾਨੂੰ ਦਿੱਲੀ ਦੇ ਵੱਡੇ ਕੱਪੜੇ



ਬਾਜ਼ਾਰ ਚਾਂਦਨੀ ਚੌਕ 'ਚ ਨਾਮਧਾਰੀ ਸਿਲਕ ਐਂਪੋਰੀਅਮ ਦੇ ਨਾਮ ਹੇਠਾਂ ਕੱਪੜੇ ਦੀ ਦੁਕਾਨ ਕਰਦੇ ਰਹੇ, ਨਾਲ ਯਮੁਨਾ ਪਾਰ ਇਲਾਕੇ 'ਚ ਨਾਮਧਾਰੀ ਬਿਲਡਰਜ਼ ਕੰਪਨੀ ਦੇ ਵੀ ਮਾਲਕ ਸਨ। ਸੰਤ ਜੀ ਦਾ ਜਨਮ 18 ਨਵੰਬਰ 1956 ਨੂੰ ਪਿਤਾ ਗੁਰਚਰਨ ਸਿੰਘ ਖੁਰਾਣਾ ਤੇ ਮਾਤਾ ਗੁਰਬਚਨ ਕੌਰ ਘਰ ਹੋਇਆ। ਬੀਬੀ ਸੁਰਿੰਦਰ ਕੌਰ ਨਾਲ ਸ਼ਾਦੀ ਹੋਈ। ਪਰਿਵਾਰ ਵਜੋਂ ਇੱਕ ਲੜਕਾ ਜਸਪਾਲ ਸਿੰਘ ਤੇ ਇੱਕ ਲੜਕੀ ਅਮਨਪ੍ਰੀਤ ਕੌਰ ਹੈ। ਜਸਪਾਲ ਸਿੰਘ ਦਾ ਵਿਆਹ ਬੀਬੀ ਤੇਜ ਕੌਰ ਨਾਲ ਹੋਇਆ। ਜੋ ਕਿ ਸੂਬਾ ਸਾਧਾ ਸਿੰਘ ਜੀ ਮੰਡੀ ਵਾਲਿਆਂ ਦੀ ਧੀ ਹੈ। ਸੰਤ ਗੁਰਮੁਖ ਸਿੰਘ ਜੀ ਨਮਿਤ ਅੰਤਿਮ ਅਰਦਾਸ ਤੇ ਪਾਠ ਦਾ ਭੋਗ ਤਾਂ ਨਾਮਧਾਰੀ ਧਰਮਸ਼ਾਲਾ ਰਮੇਸ਼ ਨਗਰ ਪਾਇਆ ਗਿਆ। ਮਹੰਤ ਪ੍ਰੀਤਮ ਸਿੰਘ ਬਰਨਾਲਾ ਨੇ ਦੀਵਾਨ ਸਜਾਇਆ ਬਾਅਦ 'ਚ ਰਾਗੀ ਈਸ਼ਰ ਸਿੰਘ ਤੇ ਸਾਥੀਆਂ ਨੇ ਕੀਰਤਨ ਕੀਤਾ।

**ਨਿਸ਼ਾਨ ਸਿੰਘ ਦਿੱਲੀ**

..........................................................

## ਸਜਣੁ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ॥

ਸ੍ਰ. ਬੂਟਾ ਸਿੰਘ ਕੰਵਲ ਬਾਰੇ ਸਾਡੇ ਮਿੱਤਰ ਸਹਿਪਾਠੀ ਜਗਦੀਸ਼ ਚੋਪੜਾ (ਸਿਆਸੀ ਸਲਾਹਕਾਰ, ਸ੍ਰੀ ਮਨੋਹਰ ਲਾਲ ਖੱਟਰ ਮੁੱਖ ਮੰਤਰੀ ਹਰਿਆਣਾ) ਦਾ ਮੈਨੂੰ ਫੋਨ ਆਇਆ ਕਿ ਸ੍ਰ. ਬੂਟਾ ਸਿੰਘ ਸਾਨੂੰ ਛੱਡ ਗਏ ਹਨ। ਅਸੀਂ ਆਪਣੇ ਇਸ ਰੰਗਲੇ ਸੱਜਣ ਦੀਆਂ ਪੁਰਾਣੀਆਂ ਯਾਦਾਂ ਸਾਂਝੀਆਂ ਕੀਤੀਆਂ। ਮਨ ਬਹੁਤ ਉਦਾਸ ਸੀ ਇਸੇ ਉੱਥਲ-ਪੁੱਥਲ ਵਿੱਚ ਮੈਂ ਸ੍ਰ. ਰਵਿੰਦਰ ਸਿੰਘ ਨਾਗੀ (ਸਾਬਕਾ ਸੂਚਨਾ ਕਮਿਸ਼ਨਰ, ਪੰਜਾਬ) ਜੋ ਕਿ ਸ੍ਰ. ਬੂਟਾ ਸਿੰਘ ਕੰਵਲ ਦਾ ਮਸੇਰ ਭਰਾ ਹੈ, ਨਾਲ ਗੱਲ ਕੀਤੀ ਤਾਂ ਉਨਾਂ ਕੁੱਝ ਆਸ ਦੀ ਕਿਰਨ ਦਾ ਇਸ਼ਾਰਾ ਕਰਦਿਆਂ ਕਿਹਾ ਕਿ ਅਜੇ ਇਲਾਜ ਚੱਲ ਰਿਹਾ ਹੈ। ਮੇਰੇ ਮੂੰਹੋਂ ਆਪ ਮੁਹਾਰੇ ਹੀ ਨਿਕਲਿਆ "ਪ੍ਰਭ ਭਾਵੈ ਬਿਨ ਸਾਸ ਤੇ ਰਾਖੈ" ਫਿਰ ਮੇਰੀ ਤੇ ਨਾਗੀ ਸਾਹਿਬ ਦੀ ਇਸ ਸੰਦਰਭ ਵਿੱਚ ਗੱਲਬਾਤ ਹੁੰਦੀ ਰਹੀ ਪਰ ਆਖਿਰ ਸ੍ਰ. ਬੂਟਾ ਸਿੰਘ ਕੰਵਲ ਦੇ ਸਦੀਵੀ ਵਿਛੋੜੇ ਵਾਲੀ ਪੱਕੀ ਖਬਰ ਨਸ਼ਰ ਹੋ ਗਈ।

ਸ੍ਰ. ਬੂਟਾ ਸਿੰਘ ਕੰਵਲ ਫਰਾਖ ਦਿਲ, ਮਿੱਤਰਾਂ ਦਾ ਮਿੱਤਰ, ਹਰ ਦਿਲ ਅਜ਼ੀਜ, ਵਧੀਆ ਇਨਸਾਨ ਸੀ ਜੋ ਦਿਲ ਦਾ ਬਾਦਸ਼ਾਹ ਸੀ।

ਸ੍ਰ. ਬੂਟਾ ਸਿੰਘ ਕੰਵਲ ਦੇ ਜਨਮ ਸਮੇਂ ਕੁਦਰਤ ਦਾ ਇੱਕ ਹੋਰ ਤਰ੍ਹਾਂ ਦਾ ਵਰਤਾਰਾ ਸੀ। ਉਨ੍ਹਾਂ ਦੇ ਮਾਤਾ ਬੀਬੀ ਸਵਰਨ ਕੌਰ ਜੀ ਦੱਸਦੇ ਹੁੰਦੇ ਸਨ ਕਿ ਸ੍ਰ. ਬੂਟਾ ਸਿੰਘ ਜਦੋਂ ਅਜੇ 13 ਦਿਨਾਂ ਦਾ ਸੀ ਜਦੋਂ ਮੈਂ ਇਸਨੂੰ ਕੁੱਛੜ ਚੁੱਕ ਕੇ ਇਸ ਦੇ ਪਿਤਾ ਸ੍ਰ. ਜੋਗਿੰਦਰ ਸਿੰਘ ਦੇ ਸੰਸਕਾਰ ਸਮੇਂ ਸ਼ਮਸ਼ਾਨ ਘਾਟ ਵਿੱਚ ਗਈ ਸਾਂ। ਸ੍ਰ. ਜੋਗਿੰਦਰ ਸਿੰਘ ਅਮਰੋਹਾ ਸ਼ੂਗਰ ਮਿੱਲ ਵਿੱਚ ਸ੍ਰ. ਇੰਦਰ ਸਿੰਘ ਚੀਫ ਇੰਜੀਨੀਅਰ ਨਾਲ ਕੰਮ ਕਰਦੇ ਸਨ ਕਿ ਅਚਾਨਕ ਹਾਦਸਾ ਗ੍ਰਸਤ ਹੋ ਗਏ ਸਨ। ਅਜਿਹੇ ਸਮੇਂ ਕੋਈ ਵਿਰਲਾ ਹੀ ਢਾਲ ਬਣਕੇ ਪਰਿਵਾਰ ਨਾਲ ਖੜ੍ਹਦਾ ਹੈ। ਮਾਤਾ ਸਵਰਨ ਕੌਰ ਜੀ ਨੂੰ ਵੀ ਗੁਰੂ ਤੋਂ ਬਿਨਾਂ ਕੋਈ ਸਹਾਰਾ ਨਾ ਦਿੱਸਿਆ ਤਾਂ ਉਹ ਸ੍ਰੀ ਸਤਿਗੁਰੂ ਜਗਜੀਤ ਸਿੰਘ ਦੀ ਸ਼ਰਨ ਵਿੱਚ ਚਲੇ ਗਏ ਅਤੇ ਸ੍ਰੀ ਸਤਿਗੁਰੂ ਜੀ ਤੋਂ ਇਲਾਵਾ ਮਹਾਰਾਜ ਬੀਰ ਸਿੰਘ ਜੀ, ਮਾਤਾ ਚੰਦ ਕੌਰ ਜੀ, ਮਾਤਾ ਦਲੀਪ ਕੌਰ ਜੀ ਅਤੇ ਦੋਵਾਂ ਠਾਕੁਰਾਂ ਦੀ ਸੇਵਾ ਵਿੱਚ ਲੱਗ ਗਏ।

ਸ੍ਰ. ਬੂਟਾ ਸਿੰਘ ਦੇ ਵੱਡੇ ਭਾਗ ਹੀ ਸਨ ਕਿ ਉਨ੍ਹਾਂ ਦਾ ਪਾਲਣ-ਪੋਸ਼ਣ ਵੀ ਗੁਰੂ ਪਰਿਵਾਰ ਵਿੱਚ ਹੀ ਹੋਇਆ। ਇੱਥੋਂ ਤੱਕ ਕਿ ਮੈਂ ਅੱਖੀਂ ਵੇਖਿਆ ਕਿ ਕਈ ਵਾਰ ਬੇਬੇ ਦਲੀਪ ਕੌਰ ਜੀ ਬੂਟਾ ਸਿੰਘ ਦੇ ਕੇਸ ਆਪ ਧੋਂਦੇ ਤੇ ਸਿਰ ਵਾਹ ਕੇ ਜੂੜਾ ਕਰਦੇ ਸਨ।

ਉਨ੍ਹਾਂ ਮੁੱਢਲੀ ਵਿੱਦਿਆ "ਸ੍ਰੀ ਗੁਰੂ ਹਰੀ ਸਿੰਘ ਮਹਾਂਵਿਦਿਆਲਾ" ਸ੍ਰੀ ਜੀਵਨ ਨਗਰ ਤੋਂ ਅਤੇ ਉਚੇਰੀ ਵਿੱਦਿਆ ਨੈਸ਼ਨਲ ਕਾਲਜ ਸਿਰਸਾ ਤੋਂ ਪ੍ਰਾਪਤ ਕੀਤੀ। ਸਿਰਸਾ ਜਿਲ੍ਹਾ ਪਹਿਲਾਂ ਹਿਸਾਰ ਜਿਲ੍ਹੇ ਦਾ ਹਿੱਸਾ ਹੁੰਦਾ ਸੀ, ਜਿਸ ਵਿੱਚ ਸ੍ਰੀ ਜੀਵਨ ਨਗਰ ਦੇ ਇਲਾਕੇ ਦੇ 17-18 ਪਿੰਡ ਨਾਮਧਾਰੀ ਵਸੋਂ ਵਾਲੇ ਸਨ ਜੋ ਕਿ ਖੁਸ਼ਹਾਲੀ ਭਰਿਆ ਜੀਵਨ ਬਸ਼ਰ ਕਰ ਰਹੇ ਹਨ। ਇਹ ਸਭ ਕੁਝ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਦੀ ਦੂਰ ਅੰਦੇਸ਼ੀ ਸਦਕਾ ਹੀ ਹੈ ਜਿੰਨ੍ਹਾਂ ਨੇ 1947 ਦੀ ਭਾਰਤ-ਪਾਕਿ ਵੰਡ ਤੋਂ ਪਹਿਲਾਂ ਹੀ ਖਰੀਦ ਕੇ ਆਪਣੇ ਸਿੱਖਾਂ ਨੂੰ ਇੱਥੇ ਵਸਾਇਆ ਸੀ। ਸ੍ਰ. ਬੂਟਾ ਸਿੰਘ ਕੰਵਲ ਵਿਚਾਰਾਂ ਕਰਕੇ ਅਖਿਲ ਭਾਰਤ ਵਿਦਿਆਰਥੀ ਪ੍ਰੀਸ਼ਦ (ABVP) ਨਾਲ ਜੁੜਿਆ ਹੋਇਆ ਸੀ ਪਰ ਮੈਂ ਪਹਿਲਾਂ ਤੋਂ ਹੀ ਸੈਕੂਲਰ ਵਿਚਾਰਧਾਰਾ ਦਾ ਹਾਮੀ ਸਾਂ ਪਰ ਜਥੇਬੰਦਕ ਢੰਗ ਨਾਲ ਚੱਲਣ ਦੇ ਦੋਵੇਂ ਹਾਮੀ ਸਾਂ। ਅਸੀਂ ਇਲਾਕੇ ਦੇ ਨਾਮਧਾਰੀ ਪਰਿਵਾਰਾਂ ਵਿੱਚੋਂ ਅਤੇ ਕੁਝ ਹੋਰ ਅਗਾਂਹਵਧੂ ਧਰਮ ਨਿਰਪੱਖ ਵਿਚਾਰਾਂ ਵਾਲੇ ਨੌਜਵਾਨਾਂ ਨੂੰ ਨਾਲ ਲੈ ਕੇ "ਨਾਮਧਾਰੀ ਯੁਵਕ ਸੰਘ" ਨਾਮ ਦੀ ਜਥੇਬੰਦੀ ਬਣਾਈ ਜਿਸਦਾ ਮੈਂ (ਗੁਰਮੁਖ ਸਿੰਘ ਸ਼ਾਹ) ਪ੍ਰਧਾਨ ਤੇ ਸ੍ਰ. ਬੂਟਾ ਸਿੰਘ ਜਨਰਲ ਸਕੱਤਰ ਅਤੇ ਹੋਰ ਅਹੁਦੇਦਾਰ ਸਨ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦਾ ਅਸ਼ੀਰਵਾਦ ਸਾਡੇ ਸਿਰ 'ਤੇ ਸਦਾ ਹੀ ਸੀ। ਸਮਾਜ ਅਤੇ ਨਾਮਧਾਰੀ ਪੰਥ ਲਈ ਕੁਝ ਕਰਨ ਦਾ ਜਨੂੰਨ ਤੇ ਜਜ਼ਬਾ ਸਾਡੇ 'ਚ ਬਹੁਤ ਸੀ। ਅਸੀਂ ਇੱਕ ਪ੍ਰੋਗਰਾਮ ਉਲਿਕਿਆ ਕਿ ਹਰ ਸਾਲ ਭਾਸ਼ਣ ਪ੍ਰਤੀਯੋਗਤਾ, ਲੋਕ ਸੰਗੀਤ ਅਤੇ ਕਵੀ ਦਰਬਾਰ ਕਰਵਾ ਕੇ ਜਿੱਤਣ ਵਾਲੀ ਟੀਮ ਜਾਂ ਵਿਅਕਤੀ ਨੂੰ ਕੁਝ ਨਕਦ ਅਤੇ ਰਨਿੰਗ ਟ੍ਰਾਫੀ ਦਿੱਤੀ ਜਾਇਆ ਕਰੇਗੀ। ਪਹਿਲਾ ਪ੍ਰੋਗਰਾਮ ਕਰਵਾਉਣ ਲਈ ਸਾਰੇ ਪ੍ਰਬੰਧ ਕੀਤੇ ਗਏ। ਵੱਖ-ਵੱਖ ਵਿਦਿਅਕ ਅਦਾਰਿਆਂ, ਕਾਲਜਾਂ ਅਤੇ ਅਦਾਰਿਆਂ ਤੋਂ ਇਲਾਵਾ ਸ਼ਹਿਰ ਅਤੇ ਇਲਾਕੇ ਦੀਆਂ ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਨੂੰ ਸ਼ਾਮਲ ਹੋਣ ਲਈ ਬਕਾਇਦਾ ਸੱਦੇ ਪੱਤਰ ਭੇਜੇ ਗਏ। ਸਾਰਿਆਂ ਵੱਲੋਂ ਭਰਪੂਰ ਸਹਿਯੋਗ ਮਿਲਿਆ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਵੱਲੋਂ ਇਸ ਫੰਕਸ਼ਨ ਦੀ ਪ੍ਰਧਾਨਗੀ ਕਰਨ ਲਈ ਦੀ ਪ੍ਰਵਾਨਗੀ ਮਿਲ ਗਈ। ਪ੍ਰੋਗਰਾਮ ਤੋਂ ਇੱਕ ਦਿਨ ਪਹਿਲਾਂ ਸ਼ਾਮ ਨੂੰ ਮੈਂ ਤੇ ਸ੍ਰ. ਹਰਦੇਵ ਸਿੰਘ ਰਾਖਵਾਲੇ ਨੇ ਰਾਤ ਨੂੰ ਸ੍ਰੀ ਜੀਵਨ ਨਗਰ ਵਿਖੇ ਪਹੁੰਚ ਕੇ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕੀਤੇ ਅਤੇ ਪ੍ਰੋਗਰਾਮ ਸੰਬੰਧੀ ਅਰਜ਼ ਕੀਤੀ। ਸ੍ਰੀ ਸਤਿਗੁਰੂ ਜੀ ਵੱਲੋਂ ਖੁਸ਼ੀਆਂ ਮਿਲੀਆਂ ਤੇ ਪ੍ਰਵਾਨਗੀ ਦਿੱਤੀ ਗਈ ਤੇ ਅਸੀਂ ਸ੍ਰੀ ਸਤਿਗੁਰੂ ਜੀ ਦੇ ਲੰਗਰ ਵਿੱਚੋਂ ਲੰਗਰ ਛਕਿਆ। ਮੈਂ ਇਹ ਸਾਰੀ ਵਾਰਤਾ

ਸ੍ਰ. ਬੂਟਾ ਸਿੰਘ ਨਾਲ ਸਾਂਝੀ ਕੀਤੀ ਤਾਂ ਉਨ੍ਹਾਂ ਕਿਹਾ ਕਿ ਸ੍ਰੀ ਸਤਿਗੁਰੂ ਜੀ ਆ ਰਹੇ ਹਨ, ਇਹ ਸਾਰਾ ਪ੍ਰੋਗਰਾਮ ਕੁਰਸੀਆਂ ਤੇ ਕੀਤਾ ਜਾਵੇ ਤਾਂ ਅਸੀਂ ਤੁਰੰਤ ਕੁਰਸੀਆਂ ਦਾ ਪ੍ਰਬੰਧ ਕੀਤਾ। ਪ੍ਰੋਗਰਾਮ ਵਾਲੇ ਦਿਨ ਸਵੇਰੇ ਹੀ ਸੁਨੇਹਾ ਆ ਗਿਆ ਕਿ ਸਤਿਗੁਰੂ ਜੀ ਕਿਸੇ ਕਾਰਨ ਪ੍ਰੋਗਰਾਮ ਵਿੱਚ ਨਹੀਂ ਆ ਸਕਦੇ। ਸਾਡੇ ਸਾਰਿਆਂ ਦੇ ਹੋਸ਼ ਉੱਡ ਗਏ, ਮਨ ਵਿੱਚ ਵੱਖ-ਵੱਖ ਤਰ੍ਹਾਂ ਦੇ ਜ਼ਜਬਾਤ ਭਾਰੂ ਹੋ ਗਏ। ਓਧਰੋਂ ਵੱਖੋ-ਵੱਖ ਕਾਲਜਾਂ ਤੋਂ ਲੜਕੇ/ਲੜਕੀਆਂ ਦੀਆਂ ਟੀਮਾਂ ਪਹੁੰਚਣੀਆਂ ਸ਼ੁਰੂ ਹੋ ਗਈਆਂ। ਮੈਂ ਤੇ ਬੂਟਾ ਸਿੰਘ ਨੇ ਸਿਰ ਜੋੜ ਕੇ ਫੈਂਸਲਾ ਕੀਤਾ ਕਿ ਪ੍ਰੋਗਰਾਮ ਤੇ ਕਰਾਂਗੇ ਹੀ। ਮੈਂ ਸ੍ਰ. ਬੂਟਾ ਸਿੰਘ ਨੂੰ ਕਿਹਾ ਕਿ ਤੁਸੀਂ ਸਟੇਜ ਤੇ ਹੋਰ ਪ੍ਰਬੰਧ ਸਾਂਭੋ, ਮੈਂ ਕਿਸੇ ਮੁੱਖ ਮਹਿਮਾਨ ਦੀ ਭਾਲ ਕਰਦਾ ਹਾਂ। ਉਦੋਂ ਅਜੇ ਸਿਰਸਾ ਜ਼ਿਲ੍ਹਾ ਨਹੀਂ ਸੀ ਬਣਿਆ। ਮੈਂ ਐਸ.ਡੀ.ਐਮ. ਸਾਹਿਬ ਦਾ ਪਤਾ ਕੀਤਾ ਉਹ ਬਾਹਰ ਸਨ ਫਿਰ ਮੈਂ ਕਾਹਲੀ ਨਾਲ ਸ੍ਰੀ ਜੇ.ਕੇ. ਗੁਪਤਾ ਚੀਫ ਜੁਡੀਸੀਅਲ ਮੈਜਿਸਟ੍ਰੇਟ ਦੇ ਨਿਵਾਸ 'ਤੇ ਗਿਆ, ਜਿਨ੍ਹਾਂ ਬਾਰੇ ਆਮ ਧਾਰਨਾ ਸੀ ਕਿ ਉਹ ਬਹੁਤ ਸਖ਼ਤ ਸੁਭਾ ਦੇ ਇਮਾਨਦਾਰ ਜੱਜ ਹਨ। ਜਦੋਂ ਮੈਂ ਉਨ੍ਹਾਂ ਨੂੰ ਸਾਰੇ ਪ੍ਰੋਗਰਾਮ ਬਾਰੇ ਦੱਸਿਆ ਤਾਂ ਪਹਿਲਾਂ ਉਨ੍ਹਾਂ ਨੇ ਇੱਕ ਜੱਜ ਦਾ ਪਬਲਿਕ ਫੰਕਸ਼ਨ ਵਿੱਚ ਨਾ ਜਾ ਸਕਣ ਦੀ ਮਜ਼ਬੂਰੀ ਦੱਸੀ, ਫਿਰ ਮੈਂ ਬੜੀ ਹੀ ਅਧੀਨਗੀ ਨਾਲ ਹੱਥ ਜੋੜ ਕੇ ਤਰਲਾ ਜਿਹਾ ਲੈਂਦਿਆਂ ਬੇਨਤੀ ਕੀਤੀ ਕਿ ਸਰ ਸਾਡੀ ਇੱਜਤ ਦਾ ਸਵਾਲ ਹੈ ਅਤੇ ਉਨ੍ਹਾਂ ਨੂੰ ਵਿਸਥਾਰ ਨਾਲ ਦੱਸਿਆ ਕਿ ਇਸ ਫੰਕਸ਼ਨ ਦੀ ਪ੍ਰਧਾਨਗੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਕਰਨੀ ਸੀ ਪਰ ਕਿਸੇ ਕਾਰਨ ਉਹ ਨਹੀਂ ਆ ਸਕਦੇ ਤੇ ਉਨ੍ਹਾਂ ਨੇ ਮੇਰੀ ਨਿਮਰਤਾ ਤੇ ਨਾਮਧਾਰੀ ਪਹਿਰਾਵੇ ਵੱਲ ਗਹੁ ਨਾਲ ਤੱਕਦਿਆਂ ਕਿਹਾ ਕਿ ਅਗਰ ਸ੍ਰੀ ਸਤਿਗੁਰੂ ਜੀ ਕਿਸੇ ਮਜ਼ਬੂਰੀ ਕਰਕੇ ਨਹੀਂ ਪਹੁੰਚ ਸਕਦੇ ਤਾਂ ਮੈਂ ਜ਼ਰੂਰ ਆਵਾਂਗਾ- ਆਪ ਫੰਕਸ਼ਨ ਸ਼ੁਰੂ ਕਰੋ, ਇਹ ਸੁਣਕੇ ਮੇਰਾ ਸਾਹ ਵਿੱਚ ਸਾਹ ਆਇਆ। ਮੈਂ ਮੁੜ ਫੰਕਸ਼ਨ ਵਿੱਚ ਸ਼ਾਮਲ ਹੋਇਆ ਤੇ ਬੂਟਾ ਸਿੰਘ ਨੂੰ ਦੱਸਿਆ ਕਿ ਜੱਜ ਸਾਹਿਬ ਆ ਰਹੇ ਹਨ। ਸੋ ਜੱਜ ਸਾਹਿਬ ਨਿਸ਼ਚਿਤ ਸਮੇਂ 'ਤੇ ਪਹੁੰਚ ਗਏ। ਸਾਰਾ ਪ੍ਰੋਗਰਾਮ ਸ੍ਰੀ ਸਤਿਗੁਰੂ ਜੀ ਦੀ ਕਿਰਪਾ ਨਾਲ ਬਹੁਤ ਵਧੀਆ ਹੋ ਗਿਆ। ਜੱਜ ਸਾਹਿਬ ਨੇ ਸਾਰਾ ਪ੍ਰੋਗਰਾਮ ਹੀ ਭੁਗਤਾਇਆ ਤੇ ਜੇਤੂ ਟੀਮ ਨੂੰ ਟਰਾਫੀ ਤੇ ਇਨਾਮ ਵੰਡ ਕੀਤੀ।




ਸ੍ਰ. ਬੂਟਾ ਸਿੰਘ ਕੰਵਲ ਨੇ ਗੁਰੂ ਪਰਿਵਾਰ ਦੀ ਨੇੜਤਾ ਸਦਕਾ ਉੱਚਾ ਸੁੱਚਾ ਜੀਵਨ ਨਿਭਾਇਆ ਹੈ। ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਸ੍ਰ. ਬੂਟਾ ਸਿੰਘ ਨੂੰ ਟਿੱਬੇ ਵਾਲੇ ਖੂਹ ਤੇ ਕੁੱਝ ਜ਼ਮੀਨ ਦੀ ਬਖ਼ਸਸ ਵੀ ਕੀਤੀ। ਮੌਜੂਦਾ ਗੱਦੀ ਨਸ਼ੀਨ ਸ੍ਰੀ ਸਤਿਗੁਰੂ ਉਦੇ ਸਿੰਘ ਜੀ ਨਾਲ ਵੀ ਨਾਮਧਾਰੀ ਸੀਡਜ਼ ਬੰਗਲੌਰ ਵਿੱਚ ਕਰੀਬ 25 ਸਾਲ ਸੇਵਾ ਕੀਤੀ ਅਤੇ ਸੇਵਾ ਮੁਕਤ ਹੋਣ ਉਪਰੰਤ ਵੀ ਸ੍ਰੀ ਸਤਿਗੁਰੂ ਜੀ ਦੇ ਹੁਕਮ ਵਿੱਚ ਹਾਜ਼ਰ ਰਹਿੰਦੇ ਸਨ। ਸ੍ਰ. ਬੂਟਾ ਸਿੰਘ ਮੇਰੇ ਨਾਲ ਆਮ ਗੱਲਬਾਤ ਕਰਦਿਆਂ ਦੱਸਦੇ ਸਨ ਕਿ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਨੇ ਉਨ੍ਹਾਂ ਨੂੰ ਸੇਠ ਹੋਣ ਦਾ ਵਰ ਦਿੱਤਾ ਸੀ ਤੇ ਮੈਂ ਸੇਠਾਂ ਵਾਲੀ ਜ਼ਿੰਦਗੀ ਹੀ ਜਿਉਂ ਰਿਹਾ ਹਾਂ। ਉਨ੍ਹਾਂ ਕੁਝ ਸਾਲ ਕਿਸੇ ਨਾਲ ਰਲ ਕੇ ਵਿਸਾਖਾਪਟਨਮ ਵਿਖੇ ਜਹਾਜਾਂ ਦੇ ਮਲਬੇ ਦਾ ਵਪਾਰ ਵੀ ਕੀਤਾ ਸੀ। ਸ੍ਰ. ਬੂਟਾ ਸਿੰਘ ਦੀ ਇੰਗਲਿਸ਼ 'ਤੇ ਕਾਫ਼ੀ ਪਕੜ ਸੀ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਸੀਡਜ਼ ਕਾਨਫਰੰਸਾਂ ਵਿੱਚ ਕਈ ਵਾਰ ਆਪਣੀ ਥਾਂ 'ਤੇ ਵੱਖ-ਵੱਖ ਦੇਸਾਂ ਵਿੱਚ ਭੇਜਦੇ ਸਨ ਜੋ ਕਿ ਸ੍ਰ. ਬੂਟਾ ਸਿੰਘ ਤਨਦੇਹੀ ਨਾਲ ਨਿਭਾਉਂਦੇ ਸਨ। ਮੈਨੂੰ ਸ੍ਰ. ਬੂਟਾ ਸਿੰਘ ਨੇ ਕਈ ਵਾਰ ਬੰਗਲੌਰ ਆਉਣ ਦਾ ਸੱਦਾ ਦਿੱਤਾ ਪਰ ਸਰਕਾਰੀ ਰੁਝੇਵਿਆਂ ਕਰਕੇ ਮੈਂ ਨਿਕਲ ਨਾ ਸਕਿਆ। ਰਿਟਾਇਰਮੈਂਟ ਤੋਂ ਬਾਅਦ ਮੈਂ, ਮੇਰੀ ਸਿੰਘਣੀ ਤੇ ਪੋਤੇ ਸਮੇਤ ਜਹਾਜ ਰਾਹੀਂ ਬੰਗਲੌਰ ਪਹੁੰਚੇ। ਸ੍ਰ. ਬੂਟਾ ਸਿੰਘ ਨੇ ਗੱਡੀ ਏਅਰ ਪੋਰਟ 'ਤੇ ਭੇਜੀ ਜੋ ਸਾਨੂੰ ਸ਼ਹਿਰ ਵਿਖੇ ਸ੍ਰ. ਬੂਟਾ ਸਿੰਘ ਦੀ ਰਿਹਾਇਸ਼ 'ਤੇ ਲੈ ਗਏ। ਅਸੀਂ ਉਨ੍ਹਾਂ ਪਾਸ ਰੁਕੇ। ਸ੍ਰ. ਬੂਟਾ ਸਿੰਘ ਦੀ ਧਰਮ ਪਤਨੀ ਬੀਬੀ ਨਿਰਮਲ ਕੌਰ ਤੇ ਬੱਚਿਆਂ ਦਾ ਬੜਾ ਮਿਲਾਪੜਾ ਸੁਭਾਅ ਇੱਕ ਆਪਣੀ ਖਿੱਚ ਰੱਖਦਾ ਹੈ, ਉਨ੍ਹਾਂ ਦੀ ਮਹਿਮਾਨ ਨਿਵਾਜੀ ਲਾ ਮਿਸਾਲ। ਉਨ੍ਹਾਂ ਦਾ ਹੋਣਹਾਰ ਲੜਕਾ ਕਾਕਾ ਬਲਵੰਤ ਸਿੰਘ ਸਾਨੂੰ ਆਪਣੀ ਕਾਰ 'ਤੇ ਮੌਲ 'ਚ ਛਾਪਿੰਗ ਲਈ ਲੈ ਗਿਆ ਤੇ ਹੋਰ ਬਹੁਤ ਸਾਰੀਆਂ ਵੇਖਣ

ਯੋਗ ਥਾਵਾਂ, ਪਾਰਕ ਆਦਿ ਵਿਖਾਏ। ਇੱਕ ਦਿਨ ਮੈਂ ਤੇ ਮੇਰਾ ਪਰਿਵਾਰ ਸ੍ਰ. ਬੂਟਾ ਸਿੰਘ ਨਾਲ ਇਕੱਠੇ ਨਾਮਧਾਰੀ ਸੀਡਜ਼ ਬਿੜਦੀ ਫਾਰਮ 'ਤੇ ਗਏ, ਦੁਪਹਿਰ ਦਾ ਖਾਣਾ ਉੱਥੇ ਖਾਧਾ, ਵੱਖ-ਵੱਖ ਪਕਵਾਨਾਂ ਤੋਂ ਇਲਾਵਾ ਸੇਵੀਆਂ ਵੀ ਬਣਵਾਈਆਂ ਗਈਆਂ, ਉਸ ਦਿਨ ਉੱਥੇ ਡੀ.ਸੀ. ਤੇ ਐਸ.ਐਸ.ਪੀ. ਵੀ ਖਾਣਾ ਖਾ ਕੇ ਗਏ ਸਨ। ਜੋ ਪੰਜਾਬੀ ਖਾਣਾ ਬਹੁਤ ਪਸੰਦ ਕਰਦੇ ਸਨ। ਸ੍ਰ. ਬੂਟਾ ਸਿੰਘ ਨੇ ਦੱਸਿਆ ਕਿ ਸ਼ਾਹ ਜੀ ਇਹ ਸੇਵੀਆਂ ਠਾਕੁਰ ਜੀ (ਵਰਤਮਾਨ ਸਤਿਗੁਰੂ ਜੀ) ਨੇ ਤੁਹਾਡੇ ਲਈ ਵਿਸ਼ੇਸ਼ ਬਣਵਾਈਆਂ ਹਨ ਤਾਂ ਮਨ ਹੋਰ ਵੀ ਪ੍ਰਸੰਨ ਹੋ ਗਿਆ। ਇਸ ਫੇਰੀ ਦੌਰਾਨ ਅਸੀਂ ਮੈਸੂਰ, ਕਾਵੇਰੀ ਡੈਮ ਅਤੇ ਉਟੀ ਆਦਿ ਥਾਵਾਂ 'ਤੇ ਗਏ। ਕਮਾਲ ਹੈ ਕਿ ਅਸੀਂ ਜਿੱਥੇ ਵੀ ਗਏ ਸਾਡੇ ਪਹੁੰਚਣ ਤੋਂ ਪਹਿਲਾਂ ਸਾਰਾ ਪ੍ਰਬੰਧ ਹੋਇਆ ਹੁੰਦਾ ਸੀ।

ਸ੍ਰ. ਬੂਟਾ ਸਿੰਘ ਨੇ ਆਮ ਲੋਕਾਂ ਲਈ ਸ੍ਰੀ ਜੀਵਨ ਨਗਰ ਵਿਖੇ ਬੱਸ ਅੱਡੇ ਅਤੇ ਸ੍ਰੀ ਜੀਵਨ ਨਗਰ, ਥੇਹੜੀ ਤੇ ਆਰ.ਓ. ਵਾਟਰ ਕੂਲਰ ਲਗਵਾਏ-ਉਹ ਦਾਨੀ ਸੱਜਣ ਸਨ। ਜਦੋਂ ਵੀ ਸ੍ਰੀ ਸਤਿਗੁਰੂ ਜੀ ਵੱਲੋਂ ਕਿਸੇ ਗਰੀਬ ਦੀ ਮੱਦਦ ਲਈ ਹੁਕਮ ਹੁੰਦਾ ਤਾਂ ਉਹ ਖਿੜੇ ਮੱਥੇ ਪੂਰਾ ਕਰਦੇ ਸਨ। ਅੰਤ ਵਿੱਚ ਓਸ ਅਕਾਲ ਪੁਰਖ ਅੱਗੇ ਬੇਨਤੀ ਕਰਦਾ ਹਾਂ ਕਿ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ ਅਤੇ ਪਰਿਵਾਰ ਨੂੰ ਅਤੇ ਸਾਨੂੰ ਸਾਰਿਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ਣ।

**ਗੁਰਮੁੱਖ ਸਿੰਘ ਸ਼ਾਹ**

.........................................................

## ਸਤਿਗੁਰੂ ਜੀ ਨੇ ਸਵ. ਰਾਜਨ ਮਿਸ਼ਰਾ ਦੇ ਪਰਿਵਾਰ ਨੂੰ ਦਰਸ਼ਨ ਦਿੱਤੇ

**10 ਸਤੰਬਰ 2021, ਸ਼ੁੱਕਰਵਾਰ, ਨਵੀਂ ਦਿੱਲੀ**

ਸੰਗੀਤ ਦੇ ਖੇਤਰ ਵਿੱਚ ਜਿਹੜਾ ਗਗਨ ਚੁੰਬੀ ਮਹੱਲ ਸਤਿਗੁਰੂ ਜਗਜੀਤ ਸਿੰਘ ਨੇ ਉਸਾਰਿਆ, ਉਸ ਦਾ ਰੱਖ ਰਖਾਵ, ਸਾਂਭ ਸੰਭਾਲ ਤੇ ਉਸ ਦਾ ਨਵੀਨੀਕਰਨ ਸਤਿਗੁਰੂ ਉਦੇ ਸਿੰਘ ਜੀ ਬੜੀ ਸ਼ਿੱਦਤ ਨਾਲ ਆਪਣੀ ਰੂਹਾਨੀ ਰਹਿਮਤ ਦੇ ਸਦਕਾ ਕਰ ਰਹੇ ਹਨ। ਆਪ ਜੀ ਦਾ ਵੀ ਸੰਗੀਤ ਦੇ ਸੰਗੀਤਕਾਰਾਂ ਅਤੇ ਪ੍ਰੇਮ ਸਤਿਗੁਰੂ ਜਗਜੀਤ ਸਿੰਘ ਜੀ ਵਾਂਗ ਹੀ ਵਰਸਦਾ ਹੈ। ਆਪ ਜੀ ਉਚੇਚੇ ਤੌਰ 'ਤੇ ਸਵ. ਪੰਡਿਤ ਰਾਜਨ ਮਿਸ਼ਰਾ ਦੇ ਪਰਿਵਾਰ ਨੂੰ ਉਨ੍ਹਾਂ ਦੇ ਰਮੇਸ਼ ਨਗਰ ਸਥਿਤ ਗ੍ਰਹਿ ਵਿਖੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਮਾਤਾ ਗੁਰਸ਼ਰਨ ਕੌਰ ਜੀ, ਰਾਗੀ ਬਲਵੰਤ ਸਿੰਘ, ਰਾਗੀ ਹਰਪ੍ਰੀਤ ਸਿੰਘ ਅਤੇ ਕੁਝ ਪਤਵੰਤੇ ਸਿੱਖ ਵੀ ਆਪ ਜੀ ਦੇ ਨਾਲ ਸਨ।

ਪਿਛਲੇ ਦਿਨੀਂ ਕੋਰੋਨਾ ਦੀ ਦੂਸਰੀ ਲਹਿਰ ਦੌਰਾਨ ਪੰਡਿਤ ਰਾਜਨ ਮਿਸ਼ਰਾ ਜੀ ਇਸ ਅਸਾਰ ਸੰਸਾਰ ਨੂੰ ਅਲਵਿਦਾ ਆਖ ਗਏ ਸਨ। ਸ੍ਰੀ ਸਤਿਗੁਰੂ ਜੀ ਮਿਸ਼ਰਾ ਪਰਿਵਾਰ ਨੂੰ ਆਪਣੀ ਰੂਹਾਨੀ ਆਭਾ ਨਾਲ ਦਿਲਾਸਾ ਬਖ਼ਸ਼ਣ ਲਈ ਪਹੁੰਚੇ ਸਨ। ਸਤਿਗੁਰੂ ਜੀ ਦਾ ਸੁਆਗਤ ਪੰਡਿਤ ਰਾਜਨ ਮਿਸ਼ਰਾ ਜੀ ਦੇ ਭਰਾਤਾ ਅਤੇ ਜੀਵਨ ਭਰ ਗਾਇਕ ਖੇਤਰ 'ਚ ਜੋੜੀਦਾਰ ਰਹੇ, ਪੰਡਤ ਸਾਜਨ ਮਿਸ਼ਰਾ ਜੀ ਨੇ ਫੁੱਲਾਂ ਦਾ ਹਾਰ ਪਾ ਕੇ ਕੀਤਾ। ਪੰਡਿਤ ਰਾਜਨ ਮਿਸ਼ਰਾ ਜੀ ਦੀ ਪਤਨੀ ਅਤੇ ਉਨ੍ਹਾਂ ਦੇ ਦੋਵੇਂ ਸਪੁੱਤਰ ਰਿਤੇਸ਼ ਮਿਸ਼ਰਾ, ਰਜਨੀਸ਼ ਮਿਸ਼ਰਾ, ਪੰਡਤ ਸਾਜਨ ਮਿਸ਼ਰਾ ਜੀ ਦੀ ਪਤਨੀ, ਘਰ ਦੀਆਂ ਨੂੰਹਾਂ, ਲੜਕੀਆਂ ਅਤੇ ਹੋਰ ਪਰਿਵਾਰ ਨੇ ਸਤਿਗੁਰੂ ਜੀ ਦੇ ਚਰਨ ਪਰਸੇ।

ਸਤਿਗੁਰੂ ਜੀ ਹਾਲ ਦੇ ਮੱਧ ਵਿੱਚ ਸੋਫ਼ੇ 'ਤੇ ਵਿਛੇ ਸਫ਼ੈਦ ਸੁੱਚੇ ਆਸਣ 'ਤੇ ਸੁਭਾਇਮਾਨ ਹੋਏ ਤਾਂ ਪੰਡਤ ਸਾਜਨ ਮਿਸ਼ਰਾ ਜੀ, ਸਤਿਗੁਰੂ ਜੀ ਦੀ ਆਮਦ ਨਾਲ ਗਦਗਦ ਹੋਏ ਪੁਰਾਣੇ ਸਮੇਂ ਨੂੰ ਯਾਦ ਕਰ ਸਤਿਗੁਰੂ ਜਗਜੀਤ ਸਿੰਘ ਜੀ ਦੀਆਂ ਏਸ ਘਰ ਅਤੇ ਪਰਿਵਾਰ 'ਤੇ ਹੋਈਆਂ ਬਖਸ਼ਿਸ਼ਾਂ ਦਾ ਵਖਿਆਨ ਕਰਨ ਲੱਗੇ। ਪੰਡਤ ਜੀ ਹਿੰਦੀ 'ਚ ਬੋਲਦੇ ਉਨ੍ਹਾਂ ਕਿਹਾ "ਆਜ ਤੋ ਆਪ ਨੇ ਬਹੁਤ ਕ੍ਰਿਪਾ ਕੀ ਹੈ। ਯਹ ਕ੍ਰਿਪਾ ਐਸੇ ਹੀ ਬਣਾਏ ਰਖੇਂ। ਸਤਿਗੁਰੂ ਜਗਜੀਤ ਸਿੰਘ ਜੀ ਕਭੀ ਭੀ ਦਰਸ਼ਨ ਦੇਨੇ ਆ ਜਾਤੇ ਔਰ ਉਨ ਕੇ ਸਾਥ ਇਤਨੇ ਸਿੱਖ ਆਤੇ ਥੇ ਸਭ ਗਲੀ ਸਫ਼ੈਦ ਹੋ ਜਾਤੀ। ਸਤਿਗੁਰੂ ਜੀ ਬਹੁਤ ਫੁਰਤੀ ਸੇ ਆ ਜਾਤੇ ਔਰ ਤੇਜ਼ੀ ਸੇ ਸੀੜੀਆਂ ਚੜ੍ਹ ਘਰ ਉੱਪਰ ਹਾਲ ਮੇਂ



ਚਲੇ ਆਤੇ ਔਰ ਸੰਗੀਤ ਬੈਠਕ ਸ਼ੁਰੂ ਹੋ ਜਾਤੀ, ਔਰ ਸਮੇਂ ਕੀ ਤੋ ਕੋਈ ਸੀਮਾ ਹੀ ਨਾ ਰਹਿਤੀ।" ਪੰਡਿਤ ਜੀ ਨੇ ਬੇਨਤੀ ਕੀਤੀ "ਬਸ ਅਭ ਆਪ ਭੀ ਵੈਸੇ ਹੀ ਕ੍ਰਿਪਾ ਰਖਨੀ। ਜਬ ਭੀ ਦਿਲੀ ਆਓ ਤੋ ਜਰੂਰ ਦਰਸ਼ਨ ਦੋ, ਵੈਸੀ ਹੀ ਸੰਗੀਤ ਬੈਠਕ ਹੋ। ਆਪ ਕੇ ਸਿਵਾ ਕੋਈ ਔਰ ਸੰਗੀਤ ਕੋ ਵੈਸੇ ਸੰਭਾਲ ਨਹੀਂ ਸਕਤਾ।"

ਸਤਿਗੁਰੂ ਜੀ ਨੇ ਪੁੱਛਿਆ "ਤੁਸੀਂ ਪਹਿਲੀ ਵਾਰ ਸਤਿਗੁਰੂ ਜੀ ਦੇ ਸਾਹਮਣੇ ਕਦ ਗਾਇਨ ਕੀਤਾ ਸੀ" ਤਾਂ ਪੰਡਿਤ ਜੀ ਨੇ ਦੱਸਿਆ ਕਿ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਯਾਦਗਾਰੀ ਸੰਗੀਤ ਸੰਮੇਲਨ ਲਈ ਗੁਰਦੇਵ ਸਿੰਘ ਜੀ ਉਨ੍ਹਾਂ ਦੇ ਚਾਚਾ ਪੰਡਿਤ ਗੋਪਾਲ ਮਿਸ਼ਰਾ ਜੀ ਨੂੰ ਸੱਦਾ ਦੇਣ ਆਏ ਸਨ। ਜਦੋਂ ਇਨ੍ਹਾਂ ਦੇ ਘਰ ਆਏ ਤਾਂ ਇਨ੍ਹਾਂ ਪੰਡਿਤ ਰਾਜਨ ਮਿਸ਼ਰਾ ਜੀ ਨੂੰ ਸੁਣਿਆ ਤੇ ਉਨ੍ਹਾਂ ਨੂੰ ਵੀ ਸੰਗੀਤ ਸੰਮੇਲਨ ਵਿੱਚ ਹਾਜ਼ਰੀ ਭਰਨ ਲਈ ਆਖਿਆ ਅਤੇ ਸਤਿਗੁਰੂ ਜੀ ਨੂੰ ਆਣ ਬੇਨਤੀ ਕੀਤੀ ਕਿ ਗੋਪਾਲ ਮਿਸ਼ਰਾ ਜੀ ਦੇ ਭਤੀਜੇ ਹਨ, ਉਨ੍ਹਾਂ ਨੂੰ ਵੀ ਗਵਾਉਣਾ ਹੈ। ਸਤਿਗੁਰੂ ਜੀ ਵਲੋਂ ਪ੍ਰਵਾਨਗੀ ਹੋਈ ਤਾਂ ਪੰਡਿਤ ਜੀ ਨੇ ਉਸ ਪ੍ਰੋਗਰਾਮ 'ਚ ਗਾਇਣ ਕੀਤਾ। ਉਸ ਤੋਂ ਬਾਅਦ ਸਤਿਗੁਰੂ ਜੀ ਨੇ ਦੋਵਾਂ ਭਰਾਵਾਂ ਨੂੰ ਆਪਣੇ ਵਿਸ਼ੇਸ਼ ਸਨੇਹ ਦਾ ਪਾਤਰ ਬਣਾ ਲਿਆ।



ਪੰਡਤ ਸਾਜਨ ਮਿਸ਼ਰਾ ਜੀ ਨੇ ਦੱਸਿਆ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਪੁੱਛਿਆ ਕਿ "ਕੀ ਕਰਦੇ ਹੋ?" ਤਾਂ ਪੰਡਿਤ ਰਾਜਨ ਮਿਸ਼ਰਾ ਜੀ ਉੱਤਰ ਦਿੱਤਾ ਕਿ "DCM ਕੱਪੜੇ ਦੀ ਮਿੱਲ 'ਚ ਨੌਕਰੀ ਕਰਦਾ ਹਾਂ" ਤਾਂ ਸਤਿਗੁਰੂ ਜੀ ਬਚਨ ਕੀਤਾ "ਕਬੀਰ ਦੇ ਸ਼ਹਿਰ 'ਚੋਂ ਹੋ ਕੇ ਦਿੱਲੀ ਆ ਕੇ ਵੀ ਕਬੀਰ ਵਾਲਾ ਕਿੱਤਾ ਹੀ ਰੱਖਿਆ।" ਸਤਿਗੁਰੂ ਜਗਜੀਤ ਸਿੰਘ ਜੀ ਪੰਡਤ ਜੀ ਨੂੰ ਹੁਕਮ ਕੀਤਾ, "ਨੌਕਰੀ ਛੱਡ ਕੇ ਸੰਗੀਤ ਦੀ ਹੀ ਸੇਵਾ 'ਚ ਲੱਗ ਜਾਓ" ਤਾਂ ਪੰਡਤ ਰਾਜਨ ਮਿਸ਼ਰਾ ਜੀ ਨੇ ਬੇਨਤੀ ਕੀਤੀ, "ਗੁਰੂ ਜੀ ਬਸ਼ਰ ਕਿੱਦਾਂ ਚੱਲੇਗਾ।" ਸਤਿਗੁਰੂ ਜੀ ਹੁਕਮ ਕੀਤਾ ਕਿੰਨੀ ਤਨਖ਼ਾਹ ਲੈਂਦੇ ਹੋ ਤਾਂ ਰਾਜਨ ਜੀ ਉੱਤਰ ਦਿੱਤਾ ਕਿ 600 ਰੁਪਏ ਮਹੀਨਾ ਤਾਂ ਸਤਿਗੁਰੂ ਜੀ ਹੁਕਮ ਕੀਤਾ ਕਿ ਨੌਕਰੀ ਛੱਡ ਦਿਓ ਤਨਖ਼ਾਹ ਅਸੀਂ ਦੇ ਦਿਆ ਕਰਾਂਗੇ ਅਤੇ ਪੂਰੇ ਸਾਲ ਦੇ ਹਿਸਾਬ ਨਾਲ ਤਨਖ਼ਾਹ ਦੇ ਕੇ ਸੰਗੀਤ ਵਾਲੇ ਪਾਸੇ ਲਾਇਆ। ਇਸ ਤਰ੍ਹਾਂ ਵੀ ਪੰਡਤ ਸਾਜਨ ਮਿਸ਼ਰਾ ਜੀ ਨੇ ਸਤਿਗੁਰੂ ਜੀ ਦੇ ਬੜੇ ਬਚਨ ਯਾਦ ਕੀਤੇ, ਸਤਿਗੁਰੂ ਜੀ ਦੀਆਂ ਸੰਗੀਤਕ ਬਖ਼ਸ਼ਿਸ਼ਾਂ ਦਾ ਵਰਨਣ ਕੀਤਾ। ਪੰਡਿਤ ਜੀ ਦੱਸਿਆ ਕਿ ਰਾਜਨ ਜੀ ਕੇ ਜਾਨੇ ਕੇ ਬਾਅਦ ਤੋ ਸਭ ਕੁਝ ਖ਼ਤਮ ਹੋ ਗਿਆ। ਸਭ ਬੰਦ ਕਰ ਦੀਆ ਥਾ ਪਰ ਅਬ ਧੀਰੇ-ਧੀਰੇ ਫਿਰ ਸੇ ਥੋੜ੍ਹਾ ਬਹੁਤ ਸੰਗੀਤ ਸ਼ੁਰੂ ਕੀਆ ਹੈ।

ਸਤਿਗੁਰੂ ਉਦੇ ਸਿੰਘ ਜੀ ਹੁਕਮ ਕੀਤਾ ਕਿ ਤੁਸੀਂ ਸਾਰੇ ਪ੍ਰੋਗਰਾਮ ਬਣਾ ਲਵੋ ਜਦੋਂ ਸ੍ਰੀ ਭੈਣੀ ਸਾਹਿਬ ਆ ਸਕੋ। ਪੰਡਤ ਜੀ ਦੀ ਯਾਦ ਵਿੱਚ ਪਾਠ ਦੇ ਭੋਗ ਵੀ ਪਾ ਲਵਾਂਗੇ ਅਤੇ ਸ਼ਾਮ ਨੂੰ ਸੰਗੀਤ ਬੈਠਕ ਵੀ ਰੱਖ ਲਵਾਂਗੇ। ਕੁਝ ਭੈਣੀ ਸਾਹਿਬ ਦੇ ਬੱਚੇ ਵੀ ਗਾਇਨ ਕਰ ਲੈਣਗੇ। ਰਿਤੇਸ਼ ਜੀ, ਰਜਨੀਸ਼ ਜੀ ਵੀ ਜ਼ਰੂਰ ਗਾਇਨ ਕਰਨ ਅਤੇ ਪੰਡਤ ਸਾਜਨ ਮਿਸ਼ਰਾ ਜੀ ਤੋਂ ਵੀ ਸੰਗਤ ਨੂੰ ਕੁਝ ਸੁਣਨ ਦਾ ਮੌਕਾ ਮਿਲ ਜਾਵੇਗਾ। ਪੰਡਿਤ ਜੀ ਅਤੇ ਸਾਰੇ ਪਰਿਵਾਰ ਨੇ ਇਸ ਪ੍ਰੋਗਰਾਮ ਬਾਰੇ ਸੁਣ ਕੇ ਬਹੁਤ ਖੁਸ਼ੀ ਜਤਾਈ। ਪੰਡਿਤ ਜੀ ਨੇ ਬੇਨਤੀ ਕੀਤੀ "ਅਬ ਆਪ ਸਤਿਗੁਰੂ ਜਗਜੀਤ ਸਿੰਘ ਜੀ ਕੇ ਤਰ੍ਹਾਂ ਹੀ ਪੂਰੇ ਭਾਰਤ ਕੇ ਸੰਗੀਤਕਾਰੋਂ ਕੇ ਸਰ ਪਰ ਹਾਥ ਰਖੋ। ਭੈਣੀ ਸਾਹਿਬ ਕੇ ਸੰਗੀਤ ਵਿਦਿਆਰਥੀ ਤੋ ਬਹੁਤ ਅੱਛਾ ਕਰ ਹੀ ਰਹੇ ਹੈ।" ਲੰਮਾ ਸਮਾਂ ਬਹੁਤ ਸਾਰੇ ਬਚਨ ਇਸ ਅਲੌਕਿਕ ਮੁਲਾਕਾਤ ਵਿੱਚ ਹੋਏ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਮਿਸ਼ਰਾ ਬੰਧੂਆਂ ਦਾ ਪਿਆਰ ਸਾਰੇ ਸਮੇਂ ਹਰ ਵਾਕਿਆ ਵਿੱਚ ਦ੍ਰਿਸ਼ਮਾਨ ਹੁੰਦਾ ਦਿਸਦਾ ਸੀ। ਪਰਿਵਾਰ ਨੂੰ ਆਸ਼ੀਰਵਾਦ ਦੇ ਪਾਤਸ਼ਾਹ ਜੀ ਅਗਲੇ ਪੜਾਅ ਵੱਲ ਰਵਾਨਾ ਹੋਏ।

**ਹਰਪਾਲ ਸਿੰਘ ਸੋਧੀ**

## ਸਾਲਾਨਾ ਜਪ ਪ੍ਰਯੋਗ ਆਰੰਭ

ਸ੍ਰੀ ਸਤਿਗੁਰੂ ਜੀ ਦੀ ਪਾਵਨ ਹਜ਼ੂਰੀ ਵਿੱਚ ਸ੍ਰੀ ਭੈਣੀ ਸਾਹਿਬ ਵਿਖੇ ਮਿਤੀ **16 ਸਤੰਬਰ 2021 ਨੂੰ ਸਵੇਰੇ 3 ਵਜੇ ਜਪ ਪ੍ਰਯੋਗ ਆਰੰਭ ਹੋਇਆ।** ਸ੍ਰੀ ਸਤਿਗੁਰੂ ਜੀ ਦੇ ਜਪ ਪ੍ਰਯੋਗ ਦੀ ਅਰਦਾਸ ਕੋਠੀ ਨੰਬਰ 1 ਵਿੱਚ ਜਪ ਪ੍ਰਯੋਗ ਵਾਲੇ ਕਮਰੇ ਵਿੱਚ 2 ਵਜੇ ਹੋਈ। ਜਿਸ ਦੀ ਅਰਦਾਸ ਸੰਤ ਬਲਕਾਰ ਸਿੰਘ ਜੀ ਨੇ ਕੀਤੀ। ਸ੍ਰੀ ਸਤਿਗੁਰੂ ਜੀ ਇੱਕ ਘੰਟਾ ਪ੍ਰਯੋਗ ਕਰਨ ਤੋਂ ਬਾਅਦ 3 ਵਜੇ ਪ੍ਰਤਾਪ ਮੰਦਰ ਵਿਖੇ ਦਰਸ਼ਨ ਦਿੱਤੇ। ਜਿੱਥੇ ਸੂਬਾ ਬਲਵਿੰਦਰ ਸਿੰਘ ਜੀ ਨੇ ਆਰੰਭਤਾ ਦੀ ਅਰਦਾਸ ਕੀਤੀ। ਪ੍ਰਤਾਪ ਮੰਦਰ ਸੰਗਤਾਂ ਨਾਲ ਭਰਪੂਰ ਸੀ। ਕੋਵਿਡ-19 ਦੇ ਨਿਯਮਾਂ ਦੀ ਪਾਲਣਾ ਕਰਦੇ ਹੋਏ ਸੰਗਤਾਂ ਭਾਰੀ ਗਿਣਤੀ ਵਿੱਚ ਇਸ ਪ੍ਰਯੋਗ ਵਿੱਚ ਸ਼ਾਮਿਲ ਹੋਈਆਂ। ਬੱਚੇ ਤੋਂ ਬਜ਼ੁਰਗ ਤੱਕ ਸੰਗਤਾਂ 15 ਤਾਰੀਖ਼ ਦੀ ਸ਼ਾਮ ਤੋਂ ਹੀ ਸੋਧ ਦਾ ਇਸ਼ਨਾਨ ਕਰ ਅੰਮ੍ਰਿਤ ਛਕ ਰਹੀਆਂ ਸਨ। ਸਾਰੀ ਰਾਤ ਤੇ ਅੰਮ੍ਰਿਤ ਵੇਲੇ ਤੱਕ ਅੰਮ੍ਰਿਤ ਛਕ ਸਾਧ ਸੰਗਤ ਤਿਆਰ ਬਰ ਤਿਆਰ ਹੋ ਗਈ। ਸਵੇਰੇ 3 ਵਜੇ ਤੱਕ ਸਾਰੇ ਪ੍ਰਤਾਪ ਮੰਦਰ ਵਿਚ ਆਪਣੇ ਆਸਣਾਂ 'ਤੇ ਸੁਸ਼ੋਭਿਤ ਸਨ। ਸੰਗਤਾਂ ਵਿੱਚ ਬਹੁਤ ਹੀ ਚਾਅ ਸੀ। ਹਰ ਸਿੱਖ ਇੱਕ-ਦੂਜੇ ਤੋਂ ਵਧ ਕੇ ਅੱਗੇ ਹੋ ਤੇਜ਼ੀ ਨਾਲ ਮੰਦਰ ਵਿਚ ਪਹੁੰਚ ਰਿਹਾ ਸੀ ਤਾਂ ਕਿ ਅਰਦਾਸ ਵਿੱਚ ਸ਼ਾਮਲ ਹੋ ਸਕੇ।

ਇਸ ਜਪ ਪ੍ਰਯੋਗ ਦੀ ਆਰੰਭਤਾ ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਜੀ ਨੇ ਕੀਤੀ ਸੀ। ਨਹਿਰ ਦੇ ਕੰਢੇ 'ਤੇ 40 ਦਿਨਾਂ ਦਾ ਪ੍ਰਯੋਗ ਸੰਪੂਰਨ ਕੀਤਾ। ਸਤਿਗੁਰੂ ਜੀ ਥੋੜ੍ਹਾ ਛਕਦੇ ਥੋੜ੍ਹਾ ਆਰਾਮ ਕਰਦੇ ਚਿਹਰੇ 'ਤੇ ਲਾਲੀ ਤੇ ਨਾਮ ਦਾ ਨੂਰ ਸੀ। ਮਾਤਾ ਭੁਪਿੰਦਰ ਕੌਰ ਜੀ ਨੇ ਸ੍ਰੀ ਸਤਿਗੁਰੂ ਜੀ ਦੇ ਚਰਨਾਂ 'ਚ ਅਰਜ਼ ਕਰਕੇ ਮਾਈਆਂ ਨੂੰ ਵੀ ਪ੍ਰਯੋਗ ਕਰਨ ਦੀ ਇਜਾਜ਼ਤ ਲੈ ਕੇ ਦਿੱਤੀ। ਇਸ ਮਹਾਨ ਕੁੰਭ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਸਮੇਂ ਨਿਰੰਤਰ ਜਾਰੀ ਰਿਹਾ। ਉਨ੍ਹਾਂ ਨੇ ਮਹੀਨੇ ਤੋਂ ਸਾਲ ਵਿਚ ਇਸ ਪ੍ਰਯੋਗ ਨੂੰ ਬਦਲ ਦਿੱਤਾ। ਪਹਿਲਾਂ ਇਹ ਪ੍ਰਯੋਗ ਭਾਦਰੋਂ ਦੇ ਮਹੀਨੇ ਹੁੰਦਾ ਸੀ। ਹੌਲੀ-ਹੌਲੀ ਇਹ ਅੱਸੂ ਦੇ ਮਹੀਨੇ ਵਿੱਚ ਬਦਲ ਗਿਆ। ਇਹ ਮਹੀਨਾ ਐਸਾ ਹੁੰਦਾ ਹੈ ਜਿਸ ਦੀ ਹਰ ਇੱਕ ਨਾਮਧਾਰੀ ਉਡੀਕ ਕਰਦਾ ਹੈ। ਦੂਰ ਦੁਰਾਡੇ ਤੋਂ ਸੰਗਤਾਂ ਬਹੁਤ ਹੀ ਚਾਅ ਤੇ ਉਮੰਗ ਨਾਲ ਸ਼ਾਮਿਲ ਹੁੰਦੀਆਂ ਹਨ। ਸ੍ਰੀ ਸਤਿਗੁਰੂ ਉਦੇ ਸਿੰਘ ਜੀ ਦੇ ਸਮੇਂ ਵਿੱਚ ਇਸ ਪ੍ਰਯੋਗ ਵਿੱਚ ਘੋਰ ਵਾਧਾ ਹੋਇਆ। ਇਸ ਮਹਾਨ ਕੁੰਭ ਦੇ ਮੇਲੇ ਤੇ ਸੰਗਤਾਂ ਸਵੇਰੇ ਅੰਮ੍ਰਿਤ ਵੇਲੇ 1 ਵਜੇ ਉਠ ਸਣਕੇਸੀਂ ਇਸ਼ਨਾਨ ਕਰ ਪ੍ਰਤਾਪ ਮੰਦਰ ਵਿੱਚ ਪਹੁੰਚ ਜਾਂਦੀਆਂ ਹਨ। ਸਵੇਰੇ 3 ਵਜੇ ਤੋਂ 6 ਵਜੇ ਤੱਕ ਅਤੇ ਦੁਪਹਿਰੇ 12 ਤੋਂ 4 ਵਜੇ ਤੱਕ ਨਿਰੰਤਰ ਨਾਮ

| ਮਿਤੀ | 3 ਵਜੇ | | 4 ਵਜੇ | |
|---|---|---|---|---|
| | ਸਿੰਘ | ਬੀਬੀਆਂ | ਸਿੰਘ | ਬੀਬੀਆਂ |
| 16-9-2021 | 1950 | 2370 | 2280 | 2570 |
| 17-9-2021 | 570 | 990 | 620 | 1080 |
| 18-9-2021 | 500 | 880 | 520 | 950 |
| 19-9-2021 | 525 | 925 | 645 | 1070 |
| 20-9-2021 | 485 | 875 | 550 | 970 |
| 21-9-2021 | 505 | 875 | 530 | 905 |
| 22-9-2021 | 490 | 850 | 510 | 880 |
| 23-9-2021 | 480 | 840 | 508 | 912 |
| 24-9-2021 | 470 | 815 | 495 | 835 |
| 25-9-2021 | 460 | 805 | 490 | 845 |
| 26-9-2021 | 508 | 862 | 565 | 945 |
| 27-9-2021 | 465 | 810 | 505 | 860 |

ਸਿਮਰਨ ਚੱਲਦਾ ਰਹਿੰਦਾ ਹੈ। ਦੁਪਹਿਰ ਵੇਲੇ ਵਿਦਵਾਨਾਂ ਵੱਲੋਂ ਦਸਮ ਗ੍ਰੰਥ ਦੀ ਕਥਾ ਤੇ ਜੱਸ ਜੀਵਨ ਦੀ ਕਥਾ ਹੁੰਦੀ ਹੈ। ਉਪਰੰਤ ਨਾਮ ਸਿਮਰਨ ਤੇ ਫਿਰ ਰਾਗੀਆਂ ਦੁਆਰਾ ਕੀਰਤਨ ਕੀਤਾ ਜਾਂਦਾ ਹੈ ਤੇ ਫਿਰ ਜੋਟੀਆਂ ਦੇ ਸ਼ਬਦ ਜਥੇ. ਬਲਬੀਰ ਸਿੰਘ ਜੀ ਦੇ ਜਥੇ (ਬਿਧੀ ਸਿੰਘ, ਗੁਰਦਰਸ਼ਨ ਸਿੰਘ, ਲਖਵਿੰਦਰ ਸਿੰਘ, ਬਿਕਰਮਜੀਤ ਸਿੰਘ) ਦੁਆਰਾ ਪੜ੍ਹੇ ਜਾਂਦੇ ਹਨ।

ਸਾਧ ਸੰਗਤ ਨਾਮ ਸਿਮਰਨ ਅਤੇ ਸੇਵਾ ਕਰਦੀ ਹੈ। ਲੰਗਰ ਵਿੱਚ ਮਾਤਾ ਗੁਰਸ਼ਰਨ ਕੌਰ ਜੀ, ਹਰ ਰੋਜ਼ ਸਵੇਰੇ ਆ ਕੇ ਆਪ ਸੇਵਾ ਕਰਦੇ ਹਨ। ਸਾਧ ਸੰਗਤ ਦੇ ਵਾਸਤੇ ਨੌਜਵਾਨਾਂ ਵੱਲੋਂ ਬਦਾਮਾਂ ਦੀ ਛਰਦਾਈ ਤੇ ਗਲੋਅ ਹਰ ਰੋਜ਼ 4 ਵਜੇ ਤਿਆਰ ਕਰ ਸੰਗਤ ਨੂੰ ਛਕਾਈ ਜਾਂਦੀ ਹੈ।

ਹਾਜ਼ਰੀ ਤੋਂ ਪਤਾ ਲੱਗਦਾ ਹੈ ਕਿ ਸੰਗਤਾਂ ਵਿਚ ਕਿੰਨਾ ਉਤਸ਼ਾਹ ਹੈ। ਇਸ ਤਰ੍ਹਾਂ ਇਹ ਨਿਰੰਤਰ ਜਪੁ ਪ੍ਰਯੋਗ ਚੱਲਦਾ ਰਹੇਗਾ ਤੇ ਬਾਅਦ ਦੀ ਰਿਪੋਰਟ ਮੇਲੇ ਦੇ ਭੋਗ ’ਤੇ ਪੂਰੀ ਕੀਤੀ ਜਾਵੇਗੀ। ਸ੍ਰੀ ਸਤਿਗੁਰੂ ਜੀ ਸਾਰੀ ਸੰਗਤ ਨੂੰ ਉੱਦਮ ਬਖ਼ਸ਼ਣ ਸੇਵਾ ਤੇ ਸਿਮਰਨ ਕਰਨ ਦਾ ਬਲ ਬਖ਼ਸ਼ਣ।

.............................................................

## ਡਾ. ਕਿਰਪਾਲ ਕਜ਼ਾਕ ਸ੍ਰੀ ਭੈਣੀ ਸਾਹਿਬ ਆਏ

**25 ਸਤੰਬਰ 2021** ਨੂੰ ਪਾਵਨ ਪਵਿੱਤਰ ਧਰਤੀ ਸ੍ਰੀ ਭੈਣੀ ਸਾਹਿਬ ਦੀ ਜ਼ਿਆਰਤ ਕਰਨ ਪੰਜਾਬੀ ਦੇ ਸ਼੍ਰੋਮਣੀ ਸਾਹਿਤਕਾਰ ਡਾ. ਕਿਰਪਾਲ ਕਜ਼ਾਕ ਪਧਾਰੇ। ਕਜ਼ਾਕ ਸਾਹਿਬ ਨੇ ਦੱਸਿਆ ਕਿ ਉਹ ਪਹਿਲਾਂ ਵੀ ਸ੍ਰੀ ਸਤਿਗੁਰੂ ਜਗਜੀਤ ਸਿੰਘ ਜੀ ਦੇ ਦਰਸ਼ਨ ਕਰਨ ਲਈ ਆਏ ਸਨ। ਇਹ ਉਨ੍ਹਾਂ ਦੀ ਦੂਜੀ ਫੇਰੀ ਹੈ। ਦੁਪਹਿਰ ਦੇ ਨਿਤਨੇਮ ਤੋਂ ਬਾਅਦ ਉਨ੍ਹਾਂ ਨੇ ਸੰਗਤ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਉਨ੍ਹਾਂ ਦੇ ਧੰਨਭਾਗ ਹਨ ਜੋ ਸਤਿਗੁਰੂ ਰੂਪੀ ਪਾਰਸ ਦੀ ਛੋਹ ਪ੍ਰਾਪਤ ਕਰ ਰਹੇ ਹਨ, ਮੈਂ ਵੀ ਅੱਜ ਧੰਨ ਹੋ ਗਿਆ ਹਾਂ ਕਿਉਂਕਿ ਇੰਨੀ ਨੇੜੇ ਤੋਂ ਦਰਸ਼ਨ ਪਰਸਨ ਦਾ ਸੁਭਾਗ ਬਣਿਆ ਹੈ। ਕਜ਼ਾਕ ਜੀ ਨਾਲ ਪੰਜਾਬੀ ਦੇ ਤਿੰਨ ਕਹਾਣੀਕਾਰ ਸੁਰਿੰਦਰ ਰਾਮਪੁਰੀ, ਮੁਖਤਿਆਰ ਸਿੰਘ ਅਤੇ ਰਘਬੀਰ ਸਿੰਘ ਮਾਨ ਨੇ ਵੀ ਸਤਿਗੁਰੂ ਜੀ ਦੇ ਚਰਨ ਪਰਸੇ ਅਤੇ ਕੀਰਤਨ ਸੁਣਿਆ।

ਕੀਰਤਨ ਦੀ ਸਮਾਪਤੀ ਤੋਂ ਬਾਅਦ ਸਤਿਗੁਰੂ ਜੀ ਨੇ ਚਾਰਾਂ ਸਾਹਿਤਕਾਰਾਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ। ਕਜ਼ਾਕ ਸਾਹਿਬ ਨੇ ਫਿਰ ਆਪਣੇ ਦਿਲ ਦੀ ਵੇਦਨਾ ਆਖਦੇ ਹੋਏ ਸਤਿਗੁਰੂ ਜੀ ਨੂੰ ਕਿਹਾ “ਮੈਂ ਅੱਜ ਧੰਨ ਹੋ ਗਿਆ ਹਾਂ ਜੋ ਆਪ ਜੀ ਦੇ ਦੀਦਾਰ ਪ੍ਰਾਪਤ ਹੋਏ ਹਨ।”

ਸਟੇਜ ਤੋਂ ਬਾਅਦ ਲਾਇਬਰੇਰੀ ਵਿੱਚ ਨਾਮਧਾਰੀ ਜੀਵਨ ਜਾਚ ਬਾਰੇ ਬਹੁਤ ਸਾਰੀਆਂ ਗੱਲਾਂ ਹੋਈਆਂ ਗੁਰਲਾਲ ਸਿੰਘ, ਭਜਨ ਸਿੰਘ, ਗੁਰਦੇਵ ਸਿੰਘ ਚੀਮਾ, ਮਲਕੀਤ ਸਿੰਘ ਬਾਠ ਅਤੇ ਤਰਨ ਬੱਲ ਨੇ ਨਾਮਧਾਰੀਆਂ ਦੇ ਵਿਲੱਖਣ ਸੱਭਿਆਚਾਰ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ।

ਸਤਿਜੁਗ ਦੇ 100 ਸਾਲਾ ਅੰਕ ਅਤੇ ਕੁਝ ਨਾਮਧਾਰੀ ਇਤਿਹਾਸ ਨਾਲ ਸੰਬੰਧਿਤ ਹੋਰ ਕਿਤਾਬਾਂ ਭੇਟ ਕੀਤੀਆਂ। ਪ੍ਰਯੋਗ ਦੇ ਦਿਨਾਂ ਵਿੱਚ ਨਾਮਧਾਰੀਆਂ ਦੀ ਕੀ ਦਿਨ ਚਰਿਆ ਹੈ, ਇਸ ਬਾਰੇ ਸੁਣ ਕਜ਼ਾਕ ਸਾਹਿਬ ਦੀ ਸੰਖੇਪ ਟਿੱਪਣੀ ਸੀ ਕਿ ਤੁਸੀਂ ਸੱਚਮੁੱਚ ਹੋਰ ਧਰਤੀ ’ਤੇ ਰਹਿ ਰਹੇ ਹੋ ਤੇ ਇਹ ਦੱਸੇ ਜਾਂਦੇ ਸਵਰਗ ਨਾਲੋਂ ਘੱਟ ਨਹੀਂ। ਸਾਦਾ ਰਹਿਣ-ਸਹਿਣ, ਖਾਣ-ਪੀਣ ਅਤੇ ਪਹਿਨਣ ਅੱਜ ਦੇ ਸਮੇਂ ਦੀ ਮੁੱਖ ਲੋੜ ਹੈ। ਭੈਣੀ ਸਾਹਿਬ ਦੇ ਆਲੇ-ਦੁਆਲੇ ਦੀ ਸੁੰਦਰਤਾ ਵੇਖ ਕਜ਼ਾਕ ਸਾਹਿਬ ਨੇ ਕਿਹਾ-

'ਸਾ ਧਰਤੀ ਭਈ ਹਰਿਆਵਲੀ
ਜਿਥੈ ਮੇਰਾ ਸਤਿਗੁਰੁ ਬੈਠਾ ਆਇ॥

ਸੱਚਮੁਚ ਹੀ ਭੈਣੀ ਸਾਹਿਬ ਦਾ ਆਲਾ ਦੁਆਲਾ ਰਮਣੀਕ ਹੈ। ਇਸ ਤਰ੍ਹਾਂ ਦੀ ਧਰਤੀ ਹੀ ਨਾਮ ਪ੍ਰੇਮੀਆਂ ਲਈ ਜ਼ਰੂਰੀ ਹੈ। ਦੇਰ ਸ਼ਾਮ ਨੂੰ ਕਜ਼ਾਕ ਸਾਹਿਬ ਨੇ ਆਪਣੇ ਸਾਥੀਆਂ ਨਾਲ ਵਾਪਸੀ ਕੀਤੀ।

**ਗੁਰਦੇਵ ਸਿੰਘ ਚੀਮਾ**

.............................................................

### ਭੁੱਲ ਦੀ ਸੋਧ

ਪਿਛਲੇ ਅੰਕ ਵਿੱਚ ਛਪੀ ਰਿਪੋਰਟ **‘ਸੁੰਦਰ ਨਗਰ ਵਿਖੇ ਅਤਿ ਦੁਖਦਾਈ ਹਾਦਸਾ...’** (ਲੇਖਕ ਹਰਪਾਲ ਸਿੰਘ ਸੇਵਕ) ਵਿੱਚ ਗਲਤ ਤਾਰੀਖ਼ ਛਪ ਗਈ ਸੀ। ਜੋ ਕਿ ਸਹੀ ਤਾਰੀਕ ਹੈ-

**12 ਅਗਸਤ 2021**




ਸਤਿਗਰੂ ਜੀ ਦੀ ਹਜ਼ੂਰੀ ਵਿੱਚ ਪ੍ਰਸਿੱਧ ਸਾਹਿਤਕਾਰ ਕਿਰਪਾਲ ਕਜ਼ਾਕ ਸੰਗਤ ਨੂੰ ਸੰਬੋਧਿਤ ਹੁੰਦੇ ਹੋਏ




ਖੱਬਿਓਂ ਸੱਜੇ- ਗੁਰਲਾਲ ਸਿੰਘ, ਕਿਰਪਾਲ ਕਜ਼ਾਕ, ਰਘਬੀਰ ਸਿੰਘ ਮਾਨ ਤੇ ਭਜਨ ਸਿੰਘ

Date of Publication: 06 October 2021
Date of Posting: 08 October 2021

RNI NO.55658/93
LDM/008/2021-2023



– 1920 ਈ. ਤੋਂ ਸਥਾਪਤ 'ਸਤਿਜੁਗ' ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ 'ਸਤਿਜੁਗ' 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi- 110015.